Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 03 30/04/2025 www.samajweekly.com samajweekly @samajweekly samajweekly

# ਮਾਰਕ ਕਾਰਨੀ ਨੇ ਜਿੱਤੀ ਚੋਣ, ਬਣਨਗੇ ਪ੍ਰਧਾਨ ਮੰਤਰੀ- ਜਗਮੀਤ ਸਿੰਘ ਨੇ ਦਿੱਤਾ ਅਸਤੀਫਾ

**ਸੁਰਜੀਤ ਸਿੰਘ ਫਲੋਰਾ**

ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਦੀ ਡੁਬ ਰਹੀ ਲਿਬਰਲ ਪਾਰਟੀ ਨੂੰ ਮਾਰਕ ਕਾਰਨੀ, ਇੱਕ ਕਰੀਅਰ ਅਰਥਸ਼ਾਸਤਰੀ ਅਤੇ ਬੈਂਕਰ, ਜਿਨ੍ਹਾਂ ਨੇ ਟਰੰਪ ਦੀਆਂ ਧਮਕੀਆਂ ਦੇ ਬਾਵਜੂਦ ਆਪਣੇ ਆਪ ਨੂੰ ਕੈਨੇਡਾ ਲਈ ਇੱਕ ਚੈਂਪੀਅਨ ਵਜੋਂ ਪੇਸ਼ ਕੀਤਾ, ਨੇ ਸੋਮਵਾਰ ਨੂੰ ਲਿਬਰਲਾਂ ਨੂੰ ਲਗਾਤਾਰ ਚੌਥੀ ਵਾਰ ਜਿੱਤ ਦਿਵਾਈ, ਇੱਕ ਪਾਰਟੀ ਲਈ ਇੱਕ ਸ਼ਾਨਦਾਰ ਬਦਲਾਅ ਜੋ ਹਾਲ ਹੀ ਤੱਕ ਕੰਜ਼ਰਵੇਟਿਵ ਪਾਰਟੀ ਦੇ ਹੱਥੋਂ ਕਰਾਰੀ ਹਾਰ ਦੇ ਰਾਹ 'ਤੇ ਸੀ।

ਕਾਰਨੀ, ਜਿਸਨੇ ਮਾਰਚ ਵਿੱਚ ਟਰੂਡੋ ਦੇ ਅਸਤੀਫੇ ਤੋਂ ਬਾਅਦ ਕੈਨੇਡਾ ਦੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਪਹਿਲਾਂ ਕਦੇ ਵੀ ਕੋਈ ਵੱਡਾ ਅਹੁਦਾ ਨਹੀਂ ਸੰਭਾਲਿਆ ਸੀ, ਨੇ ਨਤੀਜੇ ਨੂੰ "ਕੈਨੇਡਾ ਲਈ ਖੜ੍ਹੇ ਹੋਣ" ਅਤੇ "ਕੈਨੇਡਾ ਨੂੰ ਮਜ਼ਬੂਤ ਬਣਾਉਣ" ਦੇ ਮੌਕੇ ਵਜੋਂ ਪੇਸ਼ ਕੀਤਾ। "ਜਿਵੇਂ ਕਿ ਮੈਂ ਮਹੀਨਿਆਂ ਤੋਂ ਚੇਤਾਵਨੀ ਦੇ ਰਿਹਾ ਹਾਂ, ਅਮਰੀਕਾ ਸਾਡੀ ਜ਼ਮੀਨ, ਸਾਡੇ ਸਰੋਤ, ਸਾਡਾ ਪਾਣੀ, ਸਾਡਾ ਦੇਸ਼ ਚਾਹੁੰਦਾ ਹੈ," ਕਾਰਨੀ ਨੇ ਇੱਕ ਜਿੱਤ ਦੇ ਭਾਸ਼ਣ ਵਿੱਚ ਬੋਲਦੇ ਹੋਏ ਕਿਹਾ, ਜਿਸ ਵਿੱਚ ਉਸਨੇ ਕੈਨੇਡੀਅਨਾਂ ਨੂੰ "ਅਮਰੀਕੀ ਵਿਸ਼ਵਾਸਘਾਤ" ਦੇ ਸਬਕ ਕਦੇ ਨਾ ਭੁੱਲਣ ਦਾ ਸੱਦਾ ਦਿੱਤਾ। "ਇਹ ਵਿਅਰਥ ਧਮਕੀਆਂ ਨਹੀਂ ਹਨ। ਰਾਸ਼ਟਰਪਤੀ ਟਰੰਪ ਸਾਨੂੰ ਤੋੜਨ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਜੋ ਅਮਰੀਕਾ ਸਾਡਾ ਮਾਲਕ ਬਣ ਸਕੇ। ਇਹ ਕਦੇ ਨਹੀਂ ਹੋਵੇਗਾ - ਇਹ ਕਦੇ ਨਹੀਂ ਹੋਵੇਗਾ। ਪਰ ਸਾਨੂੰ ਇਸ ਅਸਲੀਅਤ ਨੂੰ ਵੀ ਪਛਾਣਨਾ ਚਾਹੀਦਾ ਹੈ ਕਿ ਸਾਡੀ ਦੁਨੀਆ ਬੁਨਿਆਦੀ ਤੌਰ 'ਤੇ ਬਦਲ ਗਈ ਹੈ।" ਕਾਰਨੀ ਨੇ ਕਿਹਾ ਕਿ ਕੈਨੇਡਾ ਫਿਰ ਤੋਂ "ਇਤਿਹਾਸ ਦੇ ਇੱਕ ਅਨੋਖੇ ਪਲ" ਦਾ ਸਾਹਮਣਾ ਕਰ ਰਿਹਾ ਹੈ ਜਿਵੇਂ ਕਿ ਦੂਜੇ ਵਿਸ਼ਵ ਯੁੱਧ ਦੀ ਸ਼ੁਰੂਆਤ ਅਤੇ ਸ਼ੀਤ ਯੁੱਧ ਦੇ ਅੰਤ ਵਿੱਚ ਹੋਇਆ ਸੀ। "ਸੰਯੁਕਤ ਰਾਜ ਅਮਰੀਕਾ ਨਾਲ ਸਾਡਾ ਪੁਰਾਣਾ ਰਿਸ਼ਤਾ, ਇੱਕ ਰਿਸ਼ਤਾ ਜੋ ਲਗਾਤਾਰ ਵਧਦਾ ਏਕੀਕਰਨ 'ਤੇ ਅਧਾਰਤ ਸੀ, ਖਤਮ ਹੋ ਗਿਆ ਹੈ," ਉਸਨੇ ਕਿਹਾ। "ਸੰਯੁਕਤ ਰਾਜ ਅਮਰੀਕਾ ਦੁਆਰਾ ਸਥਾਪਿਤ ਖੁੱਲ੍ਹੇ ਵਿਸ਼ਵ ਵਪਾਰ ਦੀ ਪ੍ਰਣਾਲੀ - ਇੱਕ ਪ੍ਰਣਾਲੀ ਜਿਸ 'ਤੇ ਕੈਨੇਡਾ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਨਿਰਭਰ ਕਰਦਾ ਆਇਆ ਹੈ, ਇੱਕ ਪ੍ਰਣਾਲੀ ਜੋ ਸੰਪੂਰਨ ਨਹੀਂ ਹੋਣ ਦੇ ਬਾਵਜੂਦ, ਦਹਾਕਿਆਂ ਤੋਂ ਸਾਡੇ ਦੇਸ਼ ਲਈ ਖੁਸ਼ਹਾਲੀ ਪ੍ਰਦਾਨ ਕਰਨ ਵਿੱਚ ਮਦਦ ਕਰਦੀ ਰਹੀ ਹੈ - ਖਤਮ ਹੋ ਗਈ ਹੈ।"

ਹਾਲਾਂਕਿ ਕਾਰਨੀ ਦੇ ਲਿਬਰਲਾਂ ਨੇ 343 ਮੈਂਬਰੀ ਹਾਊਸ ਆਫ ਕਾਮਨਜ਼ ਵਿੱਚੋਂ 168 ਸੀਟਾਂ ਜਿੱਤੀਆਂ ਹਨ ਪਰ ਸਿਰਫ 4 ਸੀਟਾ ਘੱਟ ਮਿਲਣ ਕਾਰਨ ਉਹ ਬਹੁਮਤ ਵਾਲੀ ਸਰਕਾਰ ਬਣਾਉਣ ਦੇ ਯੋਗ ਨਹੀਂ ਹੋਵੇਗੀ ਕਿਉਂਕਿ ਬਹੁਮਤ ਲਈ 172 ਸੀਟਾ ਦੀ ਜਰੂਰਤ ਸੀ। ਜਦ ਕਿ ਕੰਸਰਵੇਟਿਵ ਨੇਤਾ ਪੀਅਰ ਪੋਲੀਐਵ ਜੋ ਆਪਣੀ ਸੀਟ ਦੇ ਹਾਰ ਗਏ ਤੇ ਪਾਰਟੀ ਨੂੰ 144 ਸੀਟਾ ਮਿਲਿਆ ਜਦ ਕਿ ਸਭ ਤੋਂ ਵੱਡੀ ਜਾਰ ਐਨ ਡੀਪੀ ਪਾਰਟੀ ਜਗਮੀਤ ਸਿੰਘ ਦੀ ਹੋਈ ਹੈ ਜਿਹਨਾਂ ਨੇ ਵੀ ਆਪਣੀ ਸੀਟ ਹੀ ਨਹੀਂ ਬੱਲਕੇ ਕੈਨੇਡਾ ਦੀ ਪਾਰਲੀਮੈਂਟ ਵਿਚ ਕਿਸੇ ਵੀ ਪਾਰਟੀ ਨੂੰ ਆਪਣਾ ਰੁਤਬਾ ਬਣਾਈ ਰੱਖਣ ਲਈ 12 ਸੀਟਾ ਦਾ ਜਿੱਤਣਾ ਜਰੂਰੀ ਹੈ ,ਪਰ ਜਗਮੀਤ ਸਿੰਘ ਉਹ ਰੁਤਬਾ ਵੀ ਗੁਵਾ ਲਿਆ ਤੇ ਸਿਰਫ 7 ਸੀਟਾ ਲੈਣ ਵਿਚ ਹੀ ਕਾਮਯਾਬ ਹੋਏ ਤੇ ਉਹਨਾਂ ਨੇ ਪਾਰਟੀ ਦੇ ਲੀਡਰਸ਼ਿਪ ਤੋਂ ਵੀ ਦਿੱਤਾ ਅਸਤੀਫਾਂ, ਜਦ ਕਿ ਉਹਨਾਂ ਦੀ ਪਾਰਟੀ ਕੋਲ ਪਹਿਲਾਂ 24 ਸੀਟਾ ਸਨ।




ਪਹਿਲਾਂ ਕੈਨੇਡਾ ਦੇ ਪਾਰਲੀਮੈਂਟ ਵਿਚ ਕੁਲ ਸੀਟਾਂ ਇਸ ਪ੍ਰਕਾਰ ਸਨ , ਲਿਬਰਲ ਕੋਲ 152, ਕੰਸਰਵੇਟਿਵ ਕੋਲ 120, ਐਨ ਡੀਪੀ ਕੋਲ 24, ਬਲਾਕ ਕਿਊਬਿਕ ਕੋਲ 33 ਅਤੇ ਗਰੀਨ ਪਾਰਟੀ ਕੋਲ 2 ਸੀਟਾ ਸਨ।

ਜਗਮੀਤ ਸਿੰਘ ਨੂੰ ਕੈਨੇਡੀਅਨ ਆਮ ਚੋਣਾਂ ਵਿੱਚ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਸੋਮਵਾਰ ਨੂੰ ਹਾਰ ਸਵੀਕਾਰ ਕਰਦੇ ਹੋਏ, ਜਗਮੀਤ ਸਿੰਘ ਨੇ ਸੰਸਦ ਮੈਂਬਰ ਅਹੁਦੇ ਤੋਂ ਵੀ ਅਸਤੀਫਾ ਦੇ ਦਿੱਤਾ। ਇੰਨਾ ਹੀ ਨਹੀਂ, ਹਾਲਾਤ ਅਜਿਹੇ ਹਨ ਕਿ ਉਨ੍ਹਾਂ ਦੀ ਨਿਊ ਡੈਮੋਕ੍ਰੇਟਿਕ ਪਾਰਟੀ ਨੂੰ ਵੀ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਇਸ ਕਾਰਨ ਇਹ ਰਾਸ਼ਟਰੀ ਪਾਰਟੀ ਦਾ ਦਰਜਾ ਗੁਆ ਸਕਦੀ ਹੈ। ਆਪਣਾ ਰਾਸ਼ਟਰੀ ਦਰਜਾ ਬਰਕਰਾਰ ਰੱਖਣ ਲਈ, ਕਿਸੇ ਵੀ ਪਾਰਟੀ ਨੂੰ ਘੱਟੋ-ਘੱਟ 12 ਸੀਟਾਂ ਜਿੱਤਣੀਆਂ ਚਾਹੀਦੀਆਂ ਹਨ, ਜਿਸ ਵਿੱਚ ਐਨਡੀਪੀ ਸਫਲਤਾ ਪ੍ਰਾਪਤ ਕਰਨ ਵਿੱਚ ਅਸਫਲ ਰਹੀ। ਜਗਮੀਤ ਸਿੰਘ ਪਿਛਲੀਆਂ ਕਈ ਚੋਣਾਂ ਵਿੱਚ ਆਪਣੇ ਆਪ ਨੂੰ ਕਿੰਗਮੇਕਰ ਵਜੋਂ ਦੇਖ ਰਹੇ ਹਨ, ਪਰ ਇਸ ਵਾਰ ਉਹ ਹਰ ਪੱਖੋਂ ਕਮਜ਼ੋਰ ਹੋ ਗਏ ਹਨ।

ਜੋ ਹੁਣ ਲਿਬਰਲ ਕੋਲ 168, ਕੰਸਰਵੇਟਿਵ 144, ਬਲਾਕ ਕਿਊਬਿਕ 23, ਐਨ ਡੀ ਪੀ 7 ਅਤੇ ਗਰੀਬ 1.

ਲਿਬਰਲਾਂ ਨੇ ਆਖਰੀ ਵਾਰ 2015 ਵਿੱਚ ਸੰਸਦੀ ਬਹੁਮਤ ਪ੍ਰਾਪਤ ਕੀਤਾ ਸੀ ਅਤੇ 2021 ਦੀਆਂ ਚੋਣਾਂ ਵਿੱਚ 160 ਸੀਟਾਂ ਨਾਲ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਕਾਨੂੰਨ ਪਾਸ ਕਰਨ ਲਈ ਖੱਬੇ-ਪੱਖੀ ਝੁਕਾਅ ਵਾਲੀ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਸਮਰਥਨ 'ਤੇ ਭਰੋਸਾ ਕੀਤਾ ਸੀ।

ਜਦੋਂ ਕਿ 45 ਸਾਲਾ ਪੋਇਲੀਵਰ ਨੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਵਿਆਪਕ ਅਲੋਕਪ੍ਰਿਯਤਾ ਦਾ ਫਾਇਦਾ ਉਠਾਉਣ ਦੀ ਉਮੀਦ ਕੀਤੀ ਸੀ, ਜਿਸਨੂੰ ਵੋਟਰਾਂ ਨੇ ਵਧਦੀ ਰਹਿਣ-ਸਹਿਣ ਦੀ ਲਾਗਤ ਅਤੇ ਇਮੀਗ੍ਰੇਸ਼ਨ ਦੇ ਰਿਕਾਰਡ ਪੱਧਰਾਂ ਲਈ ਜ਼ਿੰਮੇਵਾਰ ਠਹਿਰਾਇਆ ਸੀ, ਟਰੰਪ ਦੀ ਵ੍ਹਾਈਟ ਹਾਊਸ ਵਿੱਚ ਵਾਪਸੀ ਨੇ ਕੈਨੇਡਾ ਵਿੱਚ ਦੇਸ਼ਭਗਤੀ ਦੀ ਭਾਵਨਾ ਵਿੱਚ ਵਾਧਾ ਕੀਤਾ ਅਤੇ ਮੌਜੂਦਾ ਲਿਬਰਲ ਸਰਕਾਰ ਦੇ ਆਲੇ-ਦੁਆਲੇ ਵੋਟਰਾਂ ਨੂੰ ਉਤਸ਼ਾਹਿਤ ਕੀਤਾ।

ਦੋ ਸਾਲਾਂ ਤੋਂ ਵੱਧ ਸਮੇਂ ਤੱਕ ਦੌੜ ਦੀ ਅਗਵਾਈ ਕਰਨ ਤੋਂ ਬਾਅਦ, ਕੰਜ਼ਰਵੇਟਿਵਾਂ ਦਾ ਫਾਇਦਾ ਜਲਦੀ ਹੀ ਖਤਮ ਹੋ ਗਿਆ ਜਦੋਂ ਮਾਰਕ ਕਾਰਨੀ ਨੇ ਟਰੂਡੋ ਦੀ ਜਗ੍ਹਾ ਉਟਵਾ ਅਤੇ ਵਾਸ਼ਿੰਗਟਨ ਵਿਚਕਾਰ ਵਧਦੇ ਤਣਾਅ ਨੂੰ ਨਜਿਠਣ ਲਈ ਨਵਾਂ ਪ੍ਰਧਾਨ ਮੰਤਰੀ ਬਣਾ ਦਿੱਤਾ।

ਜਦ ਕਿ ਹਾਰਨ ਤੋਂ ਬਾਅਦ ਪੋਇਲੀਵਰ ਨੇ ਸਮਰਥਕਾਂ ਨੂੰ ਦਿੱਤੇ ਇੱਕ ਰਿਆਇਤੀ ਭਾਸ਼ਣ ਵਿੱਚ ਕਿਹਾ, "ਅਸੀਂ ਹਮੇਸ਼ਾ ਕੈਨੇਡਾ ਨੂੰ ਪਹਿਲ ਦੇਵਾਂਗੇ," ਅਤੇ "ਕੈਨੇਡਾ ਦੇ ਹਿੱਤਾਂ ਦੀ ਰੱਖਿਆ ਕਰਨ ਦੇ ਸਾਂਝੇ ਟੀਚੇ" ਅਤੇ "ਇੱਕ ਨਵਾਂ ਵਪਾਰ ਸਮਝੌਤਾ ਪ੍ਰਾਪਤ ਕਰਨ ਦੇ ਸਾਂਝੇ ਟੀਚੇ" 'ਤੇ ਸਰਕਾਰ ਨਾਲ ਕੰਮ ਕਰੇਗੀ ਜੋ ਇਹਨਾਂ ਟੈਰਿਫਾਂ ਨੂੰ ਪਿੱਛੇ ਛੱਡਦਾ ਹੈ ਅਤੇ ਸਾਡੀ ਪ੍ਰਭੂਸੱਤਾ ਦੀ ਰੱਖਿਆ ਕਰਦਾ ਹੈ" ਤੇ ਕੰਮ ਕਰਾਗੇ।

ਚੋਣ ਮੁਹਿੰਮ ਦੌਰਾਨ, ਕਾਰਨੀ, ਜਿਸਨੇ ਪਹਿਲਾਂ ਕੈਨੇਡਾ ਅਤੇ ਯੂਨਾਈਟਿਡ ਕਿੰਗਡਮ ਦੇ ਕੇਂਦਰੀ ਬੈਂਕਾਂ ਦੀ ਅਗਵਾਈ ਕੀਤੀ ਸੀ, ਨੇ ਆਪਣੇ ਵਿੱਤੀ ਤਜ਼ਰਬੇ ਦਾ ਜ਼ਿਕਰ ਕੀਤਾ ਅਤੇ ਟਰੰਪ ਦੇ ਵਪਾਰਕ ਬਚਾਅ ਅਤੇ ਕੈਨੇਡਾ ਨੂੰ 51ਵੇਂ ਅਮਰੀਕੀ ਰਾਜ ਵਿੱਚ ਬਦਲਣ ਦੀਆਂ ਧਮਕੀਆਂ ਦਾ ਡੱਟ ਕੇ ਮੁਕਾਬਲਾ ਕਰਨ ਦਾ ਸੰਕੇਤ ਦਿੱਤਾ।

ਕਾਰਨੀ ਨੇ ਆਪਣੀ ਜਿੱਤ ਦੇ ਭਾਸ਼ਨ ਵਿਚ ਬੋਲਦੇ ਹੋਏ ਇਹ ਵੀ ਕਿਹਾ ਕਿ ਕੈਨੇਡੀਅਨਾਂ ਨੂੰ "ਨਵੀਂ ਹਕੀਕਤ" ਨੂੰ ਸਵੀਕਾਰ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦੇ ਦੇਸ਼ ਦਾ ਅਮਰੀਕਾ ਨਾਲ ਕਦੇ ਜੋ ਦੋਸਤਾਨਾ ਰਿਸ਼ਤਾ ਸੀ ਉਹ ਹੁਣ ਟਰੰਪ ਦੀ ਸੱਤਾ ਹੇਠ ਖਤਮ ਹੋ ਗਿਆ ਹੈ। ਜੋ "ਇਹ ਇੱਕ ਦੁਖਾਂਤ ਹੈ।

"ਕੈਨੇਡਾ ਦੇ ਮਹਾਨ ਲੋਕਾਂ ਨੂੰ ਸ਼ੁਭਕਾਮਨਾਵਾਂ," ਟਰੰਪ ਨੇ ਟਰੂਥ ਸੋਸ਼ਲ 'ਤੇ ਲਿਖਿਆ।

"ਉਸ ਆਦਮੀ ਨੂੰ ਚੁਣੋ ਜਿਸ ਕੋਲ ਤੁਹਾਡੇ ਟੈਕਸਾਂ ਨੂੰ ਅੱਧਾ ਕਰਨ, ਤੁਹਾਡੀ ਫੌਜੀ ਸ਼ਕਤੀ ਨੂੰ ਮੁਫਤ ਵਿੱਚ, ਦੁਨੀਆ ਦੇ ਸਭ ਤੋਂ ਉੱਚੀ ਪੱਧਰ ਤੱਕ ਵਧਾਉਣ ਦੀ ਤਾਕਤ ਅਤੇ ਬੁੱਧੀ ਹੈ, ਜੇਕਰ ਕੈਨੇਡਾ ਸੰਯੁਕਤ ਰਾਜ ਅਮਰੀਕਾ ਦਾ 51ਵਾਂ ਪਿਆਰਾ ਰਾਜ ਬਣ ਜਾਂਦਾ ਹੈ ਤਾਂ ਤੁਹਾਡੀ ਕਾਰ, ਸਟੀਲ, ਐਲੂਮੀਨੀਅਮ, ਲੱਕੜ, ਊਰਜਾ ਅਤੇ ਹੋਰ ਸਾਰੇ ਕਾਰੋਬਾਰ, ਆਕਾਰ ਵਿੱਚ ਚੌਗੁਣੇ, ਜ਼ੀਰੋ ਟੈਰਿਫ ਜਾਂ ਟੈਕਸਾਂ ਦੇ ਨਾਲ ਹੋਣ। ਕਈ ਸਾਲ ਪਹਿਲਾਂ ਤੋਂ ਹੁਣ ਕੋਈ ਨਕਲੀ ਤੌਰ 'ਤੇ ਖਿੱਚੀ ਗਈ ਲਕੀਰ ਨਹੀਂ ਹੈ।"ਕਾਰਨੀ ਨੇ ਬੋਲਦੇ ਹੋਏ ਕਿਹਾ।

ਝਦ ਕਿ ਪੰਜਾਬੀਆਂ ਦੇ ਗੜ੍ਹ ਮੰਨੇ ਜਾਂਦੇ ਬਰੈਂਪਟਨ ਤੋਂ ਬਹੁਤ ਹੀ ਹੈਰਾਨੀਜਨਕ ਨਤੀਜੇ ਸਾਹਮਣੇ ਆਏ, ਟਰੂਡੋ ਤੇ ਕਾਰਨੀ ਦੀ ਸਰਕਾਰ ਵਿਚ ਮਨਿਸਟਰ ਦਾ ਅਹੁਦਾ ਸੰਭਾਲੇ ਹੋਏ ਕਮਲ ਖਹਿਰਾ ਬਰੈਂਪਟਨ ਵੈਸਟ ਤੋਂ ਅਮਰਜੀਤ ਗਿੱਲ ਜੋ ਕੰਸਰਵੇਟਿਵ ਵਲੋਂ ਆਖਰੀ ਸਮੇਂ ਤੇ ਖੜ੍ਹਾਂ ਕੀਤਾ ਗਿਆ ਸੀ ਬਾਜੀ ਮਾਰ ਗਿਆ, ਜਿਸ ਵਾਰੇ ਭਾਈਚਾਰੇ ਨੇ ਕਦੇ ਸੋਚਿਆ ਤੱਕ ਵੀ ਨਹੀਂ ਸੀ, ਜਦ ਕੇ ਸੋਨੀਆਂ ਸਿੱਧੂ ਬਰੈਂਪਟਨ ਸਾਊਥ ਤੋਂ ਵੀ ਬਹੁਤ ਸਖਤ ਟੱਕਰ ਦਿੰਦੇ ਹੋਏ 633 ਵੋਟਾਂ ਤੇ ਹੀ ਜਿੱਤ ਸਕੀ। ਬਰੈਂਪਟਨ ਨਾਰਥ ਕੈਲੀਡਨ ਤੋਂ ਰੂਬੀ ਸਹੋਤਾ ਜੋ ਚੌਥੀ ਵਾਰ ਸਿਰਫ 537 ਵੋਟਾਂ ਨਾਲ ਜਿੱਤੀ ਹੈ। ਇਸੇ ਤਰ੍ਹਾਂ ਮਨਿੰਦਰ ਸਿੱਧੂ ਬਰੈਂਪਟਨ ਈਸਟ, ਸਫਕਤ ਅਲੀ ਚਿੰਗੂਜੀਪਾਰਕ ਤੋਂ ਜਿੱਤੇ ਹਨ । ਇਹਨਾਂ ਸਭ ਦਾ ਸਾਹਮਣਾ ਆਪਣੇ ਹੀ ਪੰਜਾਬੀਆਂ ਨਾਲ ਸੀ।

ਮਿਸਟਰ ਕਾਰਨੀ ਦੀ ਜਿੱਤ ਲਿਬਰਲਾਂ ਲਈ ਇੱਕ ਅਸਾਧਾਰਨ ਰਾਜਨੀਤਿਕ ਵਾਪਸੀ ਹੈ। ਕੁਝ ਮਹੀਨੇ ਪਹਿਲਾਂ, ਉਹ ਪੀਅਰੇ ਪੋਇਲੀਵਰ ਦੀ ਅਗਵਾਈ ਵਾਲੀ ਵਿਰੋਧੀ ਕੰਜ਼ਰਵੇਟਿਵ ਪਾਰਟੀ ਤੋਂ ਪੋਲਾਂ ਦੇ ਅਨੁਸਾਰ ਲਗਭਗ 30 ਪ੍ਰਤੀਸ਼ਤ ਅੰਕਾਂ ਨਾਲ ਪਿੱਛੇ ਸਨ, ਅਤੇ ਇਹ ਵਿਆਪਕ ਤੌਰ 'ਤੇ ਉਮੀਦ ਕੀਤੀ ਜਾ ਰਹੀ ਸੀ ਕਿ ਲਿਬਰਲਾਂ ਨੂੰ ਮੌਤ ਦੇ ਨੇੜੇ ਦੇ ਅਨੁਭਵ ਦਾ ਸਾਹਮਣਾ ਕਰਨਾ ਪਿਆ। ਪਰ ਮਾਰਕ ਕਾਰਨੀ ਨੇ ਜਿਵੇਂ ਲਿਬਰਲ ਪਾਰਟੀ ਨੂੰ ਜਿਵੇਂ ਕਹਿੰਦੇ ਹਨ ਡੁਬਦੇ ਨੂੰ ਤਿਣਕੇ ਦਾ ਸਹਾਰਾਂ , ਇਕ ਤਿਣਕਾ ਬਣ ਕੇ ਆਏ ਤੇ ਲਿਬਰਲ ਨੂੰ ਡੁਬਣ ਤੋਂ ਬਚਾਇਆਂ ਹੀ ਨਹੀਂ ਬੱਲਕੇ ਭਾਵੇਂ ਘੱਟ ਗਿਣਤੀ ਦੀ ਸਰਕਾਰ ਬਣਾਈ ਹੈ ਪਰ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ।



**SURJIT SINGH FLORA**
**6 Havelock Drive,**
**Brampton, ON**
**L6W 4A5 Canada**
**647-829-9397**

# ਪਾਕਿਸਤਾਨ ਦੇ ਪੀਐਮ ਸ਼ਾਹਬਾਜ਼ ਸ਼ਰੀਫ ਹਸਪਤਾਲ ’ਚ ਭਰਤੀ

**ਸ਼੍ਰੀਨਗਰ।** ਸ਼੍ਰੀਨਗਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ, ਭਾਰਤ ਨੇ ਪਾਕਿ-ਸਤਾਨ ਵਿਰੁੱਧ ਸਖ਼ਤ ਰੁਖ਼ ਅਪਣਾਇਆ ਹੈ। ਭਾਰਤ ਵਿੱਚ ਰਹਿ ਰਹੇ ਪਾਕਿਸਤਾਨੀਆਂ ਨੂੰ ਦੇਸ਼ ਛੱਡਣ ਦਾ ਹੁਕਮ ਜਾਰੀ ਕਰ ਦਿੱਤਾ ਗਿਆ ਹੈ। ਇਸ ਦੌਰਾਨ ਖ਼ਬਰਾਂ ਆ ਰਹੀਆਂ ਹਨ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਸਿਹਤ ਵਿਗੜ ਗਈ ਹੈ ਅਤੇ ਉਹ ਹਸਪਤਾਲ ਵਿੱਚ ਦਾਖਲ ਹਨ। ਅਜਿਹਾ ਲੱਗਦਾ ਹੈ ਕਿ ਪਾਕਿਸਤਾਨੀ ਪ੍ਰਧਾਨ ਮੰਤਰੀ ਭਾਰਤ ਵੱਲੋਂ ਚੁੱਕੇ ਗਏ ਕਦਮਾਂ ਤੋਂ ਡਰੇ ਹੋਏ ਹਨ। ਹੁਣ ਇਹ ਵੀ ਖੁਲਾਸਾ ਹੋ ਗਿਆ ਹੈ ਕਿ ਸ਼ਾਹਬਾਜ਼



ਸ਼ਰੀਫ ਨਾਲ ਕੀ ਹੋਇਆ ਸੀ ਅਤੇ ਉਹ ਕਦੋਂ ਤੋਂ ਹਸਪਤਾਲ ਵਿੱਚ ਦਾਖਲ ਹਨ?

**ਪਾਕਿਸਤਾਨੀ ਪ੍ਰਧਾਨ ਮੰਤਰੀ ਨੂੰ ਕੀ ਹੋਇਆ?**

ਖ਼ਬਰ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਬਵਾਸੀਰ ਤੋਂ ਪੀੜਤ ਹਨ। ਇਸ ਕਾਰਨ ਉਸਦੀ ਸਿਹਤ ਵਿਗੜ ਗਈ ਹੈ। ਸ਼ਾਹਬਾਜ਼ ਨੂੰ ਰਾਵਲਪਿੰਡੀ ਦੇ ਆਰਮੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਉਸਦਾ ਉੱਥੇ ਇਲਾਜ ਚੱਲ ਰਿਹਾ ਹੈ। ਹਾਲਾਂਕਿ, ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਸ਼ਾਹਬਾਜ਼ ਦੀ ਸਿਹਤ ਕਿਵੇਂ ਹੈ?

**ਪਾਕਿ ਪ੍ਰਧਾਨ ਮੰਤਰੀ ਡਾਕਟਰਾਂ ਦੀ ਨਿਗਰਾਨੀ ਹੇਠ ਹਨ**

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੂੰ ਬਵਾਸੀਰ ਹੋ ਗਈ ਹੈ ਅਤੇ ਇਸ ਕਾਰਨ ਉਹ ਹਸਪਤਾਲ ਵਿੱਚ ਦਾਖਲ ਹਨ। ਅਜੇ ਇਹ ਸਪੱਸ਼ਟ ਨਹੀਂ ਹੈ ਕਿ ਉਸਦੀ ਹਾਲਤ ਹੁਣ ਕੀ ਹੈ, ਪਰ ਡਾਕਟਰਾਂ ਦੀ ਨਿਗਰਾਨੀ ਹੇਠ ਉਸਦਾ ਇਲਾਜ ਕੀਤਾ ਜਾ ਰਿਹਾ ਹੈ।

## ਓਵੈਸੀ ਤੇ ਮੁਸਲਿਮ ਪਰਸਨਲ ਲਾਅ ਬੋਰਡ ਨੇ 15 ਮਿੰਟ ਲਈ ਰੌਸ਼ਨੀਆਂ ਬੰਦ ਕਰਨ ਦੀ ਅਪੀਲ ਕੀਤੀ

**ਹੈਦਰਾਬਾਦ।** ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ (ਏ.ਆਈ.ਐੱਮ.ਪੀ.ਐੱਲ.ਬੀ.) ਵਲੋਂ ਵਕਫ (ਸੋਧ) ਕਾਨੂੰਨ ਵਿਰੁਧ ਸੱਦੇ ਗਏ ਵਿਰੋਧ ਪ੍ਰਦਰਸ਼ਨ ਦੇ ਹਿੱਸੇ ਵਜੋਂ ਏ.ਆਈ.ਐਮ.ਆਈ.ਐਮ ਦੇ ਮੁਖੀ ਅਸਦੁਦੀਨ ਓਵੈਸੀ ਨੇ ਮੰਗਲਵਾਰ ਨੂੰ ਲੋਕਾਂ ਨੂੰ ਅਪੀਲ ਕੀਤੀ ਕਿ ਉਹ 30 ਅਪ੍ਰੈਲ ਨੂੰ ਰਾਤ 9 ਵਜੇ ਤੋਂ ਰਾਤ 9:15 ਵਜੇ ਤਕ ਅਪਣੇ ਘਰਾਂ ਦੀਆਂ ਰੌਸ਼ਨੀਆਂ ਬੰਦ ਕਰ ਦੇਣ। ਮੀਡੀਆ ਨਾਲ ਗੱਲਬਾਤ ਕਰਦਿਆਂ ਹੈਦਰਾਬਾਦ ਦੇ ਲੋਕ ਸਭਾ ਮੈਂਬਰ ਨੇ ਕਿਹਾ ਕਿ ਇਹ ਐਕਟ ਭਾਰਤ ਦੇ



ਸੰਵਿਧਾਨ ਖਾਸ ਕਰ ਕੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ ਅਤੇ ਵਕਫ ਬੋਰਡਾਂ ਦੇ ਕੰਮਕਾਜ ’ਚ ਦਖਲਅੰਦਾਜ਼ੀ ਕਰਦਾ ਹੈ। ਉਨ੍ਹਾਂ ਕਿਹਾ, ‘‘ਇਸ ਲਈ ਮੈਂ ਤੁਹਾਨੂੰ ਸਾਰਿਆਂ ਨੂੰ ਅਪੀਲ ਕਰਦਾ ਹਾਂ ਕਿ ਕੱਲ੍ਹ ਰਾਤ 9 ਵਜੇ ਤੋਂ 9:15 ਵਜੇ ਤਕ ਅਪਣੇ ਘਰਾਂ ਦੀਆਂ ਲਾਈਟਾਂ ਬੰਦ ਕਰੋ ਤਾਂ ਜੋ ਨਰਿੰਦਰ ਮੋਦੀ ਸਰਕਾਰ ਨੂੰ ਇਹ ਸੰਦੇਸ਼ ਦਿਤਾ ਜਾ ਸਕੇ ਕਿ ਵਕਫ ਸੋਧ ਕਾਨੂੰਨ ਭਾਰਤ ਦੇ ਸੰਵਿਧਾਨ ਦੀ ਉਲੰਘਣਾ ਹੈ, ਖਾਸ ਕਰ ਕੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਹੈ।’’

## ਸੋਸ਼ਲ ਮੀਡੀਆ 'ਤੇ ਜਾਅਲੀ ਆਈਡੀ ਬਣਾ ਕੇ ਲੋਕਾਂ ਨਾਲ ਠੱਗੀ ਮਾਰਨ ਵਾਲੇ ਮਾਂ-ਪੁੱਤ ਗ੍ਰਿਫ਼ਤਾਰ

**ਕਪੂਰਥਲਾ।** ਕਪੂਰਥਲਾ ਤੋਂ ਇੱਕ ਮਾਂ-ਪੁੱਤ ਦੀ ਜੋੜੀ ਨੂੰ ਸੋਸ਼ਲ ਮੀਡੀਆ 'ਤੇ ਜਾਅਲੀ ਆਈਡੀ ਬਣਾ ਕੇ ਲੋਕਾਂ ਨਾਲ ਧੋਖਾ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਮਾਮਲੇ ਵਿੱਚ, ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਨੇ 3 ਧੋਖਾਧੜੀ ਕਰਨ ਵਾਲਿਆਂ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਐਫਆਈਆਰ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਡੀਐਸਪੀ ਸਾਈਬਰ ਕ੍ਰਾਈਮ ਦਲਜੀਤ ਸਿੰਘ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਦੋਵਾਂ ਮੁਲਜ਼ਮਾਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਦੋ ਦਿਨ ਦਾ ਪੁਲਿਸ ਰਿਮਾਂਡ ਹਾਸਲ ਕਰ ਲਿਆ ਗਿਆ ਹੈ। ਜਦੋਂ ਕਿ ਤੀਜੇ ਠੱਗ ਦੀ ਭਾਲ ਜਾਰੀ ਹੈ। ਡੀਐਸਪੀ ਸਾਈਬਰ ਕ੍ਰਾਈਮ ਦਲਜੀਤ ਸਿੰਘ ਤੋਂ ਮਿਲੀ ਜਾਣਕਾਰੀ ਅਨੁਸਾਰ, ਕਪੂਰਥਲਾ ਦੇ ਗ੍ਰੀਨ ਪਾਰਕ ਦੇ ਵਸਨੀਕ ਕੁਮਾਰ ਗੌਰਵ ਨੇ ਪੁਲਿਸ ਨੂੰ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਇੱਕ ਸੋਸ਼ਲ ਮੀਡੀਆ ਪ੍ਰਭਾਵਕ ਹੈ ਅਤੇ ਵੱਖ-



ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਲੋਕਾਂ ਨੂੰ ਇਮੀਗ੍ਰੇਸ਼ਨ ਅਤੇ ਵਿਦੇਸ਼ ਭੇਜਣ ਸੰਬੰਧੀ ਸਹੀ ਜਾਣਕਾਰੀ ਦਿੰਦਾ ਹੈ। ਵਿਦੇਸ਼ ਜਾਣ ਦੇ ਚਾਹਵਾਨ ਲੋਕ ਉਨ੍ਹਾਂ ਨਾਲ ਫ਼ੋਨ 'ਤੇ ਸੰਪਰਕ ਕਰਨਗੇ ਅਤੇ ਉਨ੍ਹਾਂ ਦੀਆਂ ਸੇਵਾਵਾਂ ਪ੍ਰਾਪਤ ਕਰਨਗੇ ਅਤੇ ਸੇਵਾ ਚਾਰਜ ਸਿਰਫ਼ ਆਨਲਾਈਨ ਹੀ ਲਿਆ ਜਾਵੇਗਾ। ਸ਼ਿਕਾਇਤਕਰਤਾ ਨੇ ਇਹ ਵੀ ਕਿਹਾ ਕਿ ਕੁਝ ਸ਼ੱਕੀ ਲੋਕ ਉਸਦੇ ਸੋਸ਼ਲ ਮੀਡੀਆ ਖਾਤਿਆਂ ਦੀਆਂ ਜਾਅਲੀ ਆਈਡੀ ਬਣਾ ਕੇ ਉਸਦੇ ਨਾਮ 'ਤੇ ਪੈਸੇ ਇਕੱਠੇ ਕਰ ਰਹੇ ਹਨ। ਪੀੜਤ ਦੀ ਸ਼ਿਕਾਇਤ 'ਤੇ, 16 ਜੁਲਾਈ 2024 ਨੂੰ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਵਿੱਚ ਐਫਆਈਆਰ ਦਰਜ ਕੀਤੀ ਗਈ ਸੀ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜਾਂਚ ਕਰਦੇ ਹੋਏ ਸਾਈਬਰ ਪੁਲਿਸ ਸਟੇਸ਼ਨ ਦੇ ਐਸਐਚਓ ਦੀਪਕ ਸ਼ਰਮਾ ਦੀ ਟੀਮ ਨੇ ਉੱਤਰ ਪ੍ਰਦੇਸ਼ ਦੇ ਤਿੰਨ ਮੁਲਜ਼ਮਾਂ (ਪ੍ਰਸ਼ਾਂਤ ਜੁਰੇਲ ਪੁੱਤਰ ਰਾਜਕੁਮਾਰ ਸਿੰਘ, ਵਾਸੀ ਹਾਥਰਸ, ਯਸ਼ੋਦਾ ਦੇਵੀ ਪਤਨੀ ਰਾਜਕੁਮਾਰ, ਵਾਸੀ ਹਾਥਰਸ ਅਤੇ ਸੱਤਿਆ ਪ੍ਰਕਾਸ਼ ਪੁੱਤਰ ਰਾਮੇਸ਼ਵਰ ਸਿੰਘ, ਵਾਸੀ ਅਲੀਗੜ੍ਹ) ਨੂੰ ਨਾਮਜ਼ਦ ਕੀਤਾ। ਇਸ ਤੋਂ ਬਾਅਦ ਪੀੜਤ ਕੁਮਾਰ ਗੌਰਵ ਨੂੰ ਵੀ ਫ਼ੋਨ 'ਤੇ ਧਮਕੀਆਂ ਮਿਲਣ ਲੱਗ ਪਈਆਂ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਸੁਰੱਖਿਆ ਚਿੰਤਾਵਾਂ ਕਾਰਨ ਕਸ਼ਮੀਰ ਦੇ 48 ਸੈਲਾਨੀ ਸਥਾਨ ਬੰਦ




**ਜੰਮੂ।** ਪਾਕਿਸਤਾਨ ਦੇ ਰੱਖਿਆ ਮੰਤਰੀ ਨੇ ਸੋਮਵਾਰ (28 ਅਪ੍ਰੈਲ, 2025) ਨੂੰ ਕਿਹਾ ਕਿ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਵੱਲੋਂ "ਫੌਜੀ ਘੁਸਪੈਠ" ਬਹੁਤ ਨੇੜੇ ਹੈ। ਇਸ ਹਮਲੇ ਵਿੱਚ 26 ਲੋਕ ਮਾਰੇ ਗਏ ਸਨ ਅਤੇ ਭਾਰਤ ਵਿੱਚ ਗੁੱਸਾ ਭੜਕ ਗਿਆ ਸੀ, ਨਾਲ ਹੀ ਪਾਕਿਸਤਾਨ ਵਿਰੁੱਧ ਕਾਰਵਾਈ ਦੀ ਮੰਗ ਵੀ ਕੀਤੀ ਗਈ ਸੀ। "ਅਸੀਂ ਆਪਣੀਆਂ ਫੌਜਾਂ ਨੂੰ ਮਜ਼ਬੂਤ ਕੀਤਾ ਹੈ ਕਿਉਂਕਿ ਇਹ ਕੁਝ ਅਜਿਹਾ ਹੈ ਜੋ ਹੁਣ ਨੇੜੇ ਹੈ। ਇਸ ਲਈ ਉਸ ਸਥਿਤੀ ਵਿੱਚ, ਕੁਝ ਰਣਨੀਤਕ ਫੈਸਲੇ ਲੈਣੇ ਪੈਂਦੇ ਹਨ, ਇਸ ਲਈ ਉਹ ਫੈਸਲੇ ਲਏ ਗਏ ਹਨ," ਰੱਖਿਆ ਮੰਤਰੀ ਖਵਾਜਾ ਮੁਹੰਮਦ ਆਸਿਫ ਨੇ ਇਸਲਾਮਾਬਾਦ ਵਿੱਚ ਆਪਣੇ ਦਫ਼ਤਰ ਵਿੱਚ ਇੱਕ ਇੰਟਰਵਿਊ ਵਿੱਚ ਰਾਇਟਰਜ਼ ਨੂੰ ਦੱਸਿਆ। ਪਹਿਲਗਾਮ ਅੱਤਵਾਦੀ ਮਾਮਲੇ ਦੀ ਜਾਂਚ ਸੰਭਾਲਣ ਤੋਂ ਤੁਰੰਤ ਬਾਅਦ, ਰਾਸ਼ਟਰੀ ਜਾਂਚ ਏਜੰਸੀ ਦੇ ਜਾਂਚਕਰਤਾਵਾਂ ਨੇ ਭੂਸ਼ਣ ਦੀ ਪਤਨੀ ਡਾ. ਸੁਜਾਤਾ ਨਾਲ ਮਸ਼ੀਕੇਰੇ ਸਥਿਤ ਉਨ੍ਹਾਂ ਦੇ ਘਰ 'ਤੇ ਗੱਲ ਕੀਤੀ ਅਤੇ ਹਮਲੇ ਅਤੇ ਉਨ੍ਹਾਂ ਦੀ ਫੇਰੀ ਬਾਰੇ ਵਿਸਥਾਰ ਵਿੱਚ ਉਨ੍ਹਾਂ ਦਾ ਬਿਆਨ ਦਰਜ ਕੀਤਾ। ਅਧਿਕਾਰੀਆਂ ਨੇ ਉਸਦੇ ਪਤੀ 'ਤੇ ਹੋਏ ਹਮਲੇ ਬਾਰੇ ਵੇਰਵੇ ਮੰਗੇ, ਕੀ ਅੱਤਵਾਦੀਆਂ ਨੇ ਡਾ. ਸੁਜਾਤਾ ਨਾਲ ਗੱਲ ਕੀਤੀ ਸੀ, ਤਾਂ ਉਸਦੀ ਪ੍ਰਤੀਕਿਰਿਆ ਕੀ ਸੀ ਅਤੇ ਹਮਲਾਵਰਾਂ ਦੀਆਂ ਸਰੀਰਕ ਵਿਸ਼ੇਸ਼ਤਾਵਾਂ ਕੀ ਸਨ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਜੰਮੂ-ਕਸ਼ਮੀਰ ਵਿੱਚ ਟ੍ਰੈਕਿੰਗ 'ਤੇ ਪਾਬੰਦੀ, ਸੈਲਾਨੀਆਂ ਲਈ ਅਦਵਿਸੋਰੇ ਜਾਰੀ



**ਜੰਮੂ।** ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਪਿਛਲੇ ਮੰਗਲਵਾਰ ਨੂੰ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਸੁਰੱਖਿਆ ਉਪਾਅ ਹੋਰ ਸਖ਼ਤ ਕਰ ਦਿੱਤੇ ਗਏ ਹਨ। ਇਸ ਦੌਰਾਨ, ਪ੍ਰਸ਼ਾਸਨ ਨੇ ਜੰਮੂ-ਕਸ਼ਮੀਰ ਆਉਣ ਵਾਲੇ ਸੈਲਾਨੀਆਂ ਲਈ ਇੱਕ ਐਡਵਾਈਜ਼ਰੀ ਵੀ ਜਾਰੀ ਕੀਤੀ ਹੈ। ਇਸ ਤੋਂ ਇਲਾਵਾ, ਘਾਟੀ ਵਿੱਚ ਟ੍ਰੈਕਿੰਗ 'ਤੇ ਵੀ ਪਾਬੰਦੀ ਲਗਾਈ ਗਈ ਹੈ। ਸੈਲਾਨੀਆਂ ਨੂੰ ਜਾਰੀ ਕੀਤੀ ਗਈ ਇੱਕ ਸਲਾਹ ਵਿੱਚ, ਜੰਮੂ-ਕਸ਼ਮੀਰ ਪ੍ਰਸ਼ਾਸਨ ਨੇ ਕਿਹਾ ਹੈ ਕਿ ਜੇਕਰ ਉਹ ਘਾਟੀ ਦਾ ਦੌਰਾ ਕਰਨ ਆ ਰਹੇ ਹਨ, ਤਾਂ ਫਿਲਹਾਲ ਉਨ੍ਹਾਂ ਨੂੰ ਮੁੱਖ ਸੈਰ-ਸਪਾਟਾ ਸਥਾਨਾਂ 'ਤੇ ਹੀ ਕੁਦਰਤੀ ਦ੍ਰਿਸ਼ਾਂ ਦਾ ਆਨੰਦ ਲੈਣਾ ਚਾਹੀਦਾ ਹੈ।

ਸਲਾਹ ਵਿੱਚ ਕਿਹਾ ਗਿਆ ਹੈ ਕਿ ਪਹਾੜਾਂ ਜਾਂ ਉਨ੍ਹਾਂ 'ਤੇ ਸਥਿਤ ਸੈਰ-ਸਪਾਟਾ ਸਥਾਨਾਂ 'ਤੇ ਟ੍ਰੈਕਿੰਗ ਲਈ ਨਹੀਂ ਜਾਣਾ ਚਾਹੀਦਾ। ਸਲਾਹਕਾਰ ਵਿੱਚ ਕਿਹਾ ਗਿਆ ਹੈ ਕਿ ਬੈਸਰਨ ਵਿੱਚ ਹੋਏ ਅਤਿਵਾਦੀ ਹਮਲੇ ਕਾਰਨ, ਫਿਲਹਾਲ ਟਰੈਕਿੰਗ 'ਤੇ ਪਾਬੰਦੀ ਲਗਾਈ ਗਈ ਹੈ। ਇੱਕ ਪ੍ਰਸ਼ਾਸਨਿਕ ਅਧਿਕਾਰੀ ਨੇ ਇਸ ਦੀ ਪੁਸ਼ਟੀ ਕੀਤੀ ਹੈ। ਅਧਿਕਾਰੀ ਨੇ ਕਿਹਾ ਹੈ ਕਿ ਇਹ ਹੁਕਮ ਪੂਰੇ ਜੰਮੂ-ਕਸ਼ਮੀਰ ਲਈ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਪਹਿਲਗਾਮ ਦੇ ਬੈਸਰਨ ਵਿੱਚ ਹਾਲ ਹੀ ਵਿੱਚ ਹੋਈ ਅਤਿਵਾਦੀ ਘਟਨਾ ਕਾਰਨ ਲਿਆ ਗਿਆ ਹੈ। ਅਧਿਕਾਰੀ ਨੇ ਕਿਹਾ ਕਿ ਰਾਜ ਦੇ ਉਪਰਲੇ ਇਲਾਕਿਆਂ ਅਤੇ ਜੰਗਲਾਂ ਵਿੱਚ ਅਤਿਵਾਦੀਆਂ ਦੀ ਭਾਲ ਲਈ ਇੱਕ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੁਰੱਖਿਆ ਏਜੰਸੀਆਂ ਨੇ ਅਤਿਵਾਦੀਆਂ ਨੂੰ ਬਾਹਰ ਕੱਢਣ ਲਈ ਤਲਾਸ਼ੀ ਮੁਹਿੰਮ ਤੇਜ਼ ਕਰ ਦਿੱਤੀ ਹੈ। ਅਧਿਕਾਰੀ ਨੇ ਕਿਹਾ ਕਿ ਇਸ ਲਈ ਰਾਜ ਵਿੱਚ ਆਉਣ ਵਾਲੇ ਸੈਲਾਨੀਆਂ ਅਤੇ ਪਰਬਤਾਰੋਹੀਆਂ ਨੂੰ ਸੂਚਿਤ ਕੀਤਾ ਗਿਆ ਹੈ ਕਿ ਉਹ ਟ੍ਰੈਕਿੰਗ ਲਈ ਉੱਪਰਲੇ ਖੇਤਰਾਂ ਅਤੇ ਜੰਗਲਾਂ ਵਿੱਚ ਨਾ ਜਾਣ। ਉਸ ਨੇ ਕਿਹਾ ਕਿ ਉਨ੍ਹਾਂ ਨੂੰ ਸਿਰਫ਼ ਮੁੱਖ ਸੈਰ-ਸਪਾਟਾ ਸਥਾਨਾਂ 'ਤੇ ਹੀ ਆਪਣੀ ਯਾਤਰਾ ਦਾ ਆਨੰਦ ਮਾਣਨਾ ਚਾਹੀਦਾ ਹੈ। ਤੁਹਾਨੂੰ ਦੱਸ ਦੇਈਏ ਕਿ ਜੰਮੂ-ਕਸ਼ਮੀਰ ਆਉਣ ਵਾਲੇ ਕੁਝ ਸੈਲਾਨੀ ਟ੍ਰੈਕਿੰਗ, ਆਫਬੀਟ ਟੂਰਿਸਟ ਸਪੋਰਟਸ, ਪਹਾੜਾਂ ਅਤੇ ਜੰਗਲਾਂ ਵਿੱਚ ਟ੍ਰੈਕਿੰਗ ਦਾ ਵੀ ਆਨੰਦ ਲੈਂਦੇ ਹਨ।

## ਪਾਕਿਸਤਾਨ ਨੇ ਜੰਮੂ-ਕਸ਼ਮੀਰ ਦੇ ਬਾਰਾਮੂਲਾ, ਕੁਪਵਾੜਾ ਅਤੇ ਅਖਨੂਰ ਸੈਕਟਰਾਂ ਵਿੱਚ ਕੀਤੀ ਗੋਲੀਬਾਰੀ

**ਜੰਮੂ।** ਪਾਕਿਸਤਾਨੀ ਸੁਰੱਖਿਆ ਬਲਾਂ ਨੇ ਜੰਮੂ-ਕਸ਼ਮੀਰ ਵਿੱਚ ਕੰਟਰੋਲ ਰੇਖਾ 'ਤੇ ਲਗਾਤਾਰ 5ਵੀਂ ਰਾਤ ਜੰਗਬੰਦੀ ਸਮਝੌਤੇ ਦੀ ਉਲੰਘਣਾ ਕੀਤੀ ਅਤੇ ਸੋਮਵਾਰ ਨੂੰ ਜੰਮੂ ਜ਼ਿਲ੍ਹੇ ਦੇ ਅਖਨੂਰ ਸੈਕਟਰ ਵਿੱਚ ਗੋਲੀਬਾਰੀ ਕਰ ਕੇ ਉਲੰਘਣਾ ਦੇ ਦਾਇਰੇ ਦਾ ਵਿਸਥਾਰ ਕੀਤਾ। ਇੱਕ ਅਧਿਕਾਰੀ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਪਿਛਲੇ ਹਫ਼ਤੇ ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧੇ ਤਣਾਅ ਦੇ ਵਿਚਕਾਰ,



ਇਹ ਲਗਾਤਾਰ 5ਵੀਂ ਰਾਤ ਸੀ ਜਦੋਂ ਪਾਕਿਸਤਾਨ ਨੇ ਕੰਟਰੋਲ ਰੇਖਾ 'ਤੇ ਬਿਨਾਂ ਕਿਸੇ ਭੜਕਾਹਟ ਦੇ ਗੋਲੀਬਾਰੀ ਕੀਤੀ।

# 21 ਸਾਲਾਂ ਲੜਕੀ ਦੀ ਕੈਨੇਡਾ 'ਚ ਮੌਤ, ਸਮੁੰਦਰ ਕੰਢਿਓਂ ਸ਼ੱਕੀ ਹਾਲਾਤ 'ਚ ਮਿਲੀ ਲਾਸ਼



**ਕੈਨੇਡਾ।** ਡੇਰਾਬੱਸੀ ਤੋਂ ਕੈਨੇਡਾ ਪੜ੍ਹਨ ਗਈ ਇਕ 21 ਸਾਲਾ ਲੜਕੀ ਦੀ ਸ਼ੱਕੀ ਹਾਲਤ ਵਿੱਚ ਮੌਤ ਹੋ ਗਈ ਹੈ। ਮ੍ਰਿਤਕਾ ਦੀ ਪਛਾਣ 21 ਸਾਲਾ ਦੀ ਵੰਸ਼ਿਕਾ ਦੇ ਰੂਪ ਵਿੱਚ ਹੋਈ ਹੈ। ਮ੍ਰਿਤਕਾ ਦਵਿੰਦਰ ਸੈਣੀ ਵਾਸੀ ਸੈਣੀ ਮੁਹੱਲਾ ਡੇਰਾਬੱਸੀ ਦੀ ਧੀ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕਾ ਢਾਈ ਸਾਲ ਪਹਿਲਾਂ ਬਾਰ੍ਹਵੀਂ ਪਾਸ ਕਰਨ ਮਗਰੋਂ ਡੇਰਾਬੱਸੀ ਤੋਂ ਪੜ੍ਹਾਈ ਕਰਨ ਲਈ ਕੈਨੇਡਾ ਦੇ ਓਟਾਵਾ ਖੇਤਰ ਗਈ ਸੀ। ਉਸ ਵੱਲੋਂ ਦੋ ਸਾਲ ਦੇ ਕੋਰਸ ਵਿੱਚ ਦਾਖ਼ਲਾ ਲਿਆ ਗਿਆ ਸੀ, ਆਖ਼ਰੀ ਪ੍ਰੀਖਿਆ ਉਸ ਨੇ 18 ਅਪ੍ਰੈਲ ਨੂੰ ਦਿੱਤੀ ਸੀ। ਹੁਣ ਕੁੱਝ ਦਿਨ ਤੋਂ ਉਹ ਨੌਕਰੀ 'ਤੇ ਜਾਣ ਲੱਗੀ ਸੀ। 22 ਤਰੀਕ ਨੂੰ ਉਹ ਘਰ ਤੋਂ ਆਪਣੀ ਨੌਕਰੀ 'ਤੇ ਗਈ ਸੀ ਪਰ ਵਾਪਸ ਨਹੀਂ ਆਈ। ਉਸ ਦੀ 25 ਤਰੀਕ ਨੂੰ ਆਈਲੈਟਸ ਦੀ ਪ੍ਰੀਖਿਆ ਸੀ, ਜਿਸ ਲਈ ਉਸ ਦੇ ਨਾਲ ਪੇਪਰ ਦੇਣ ਜਾਣ ਵਾਲੀ ਸਹੇਲੀ ਵੱਲੋਂ ਵਾਰ-ਵਾਰ ਫੋਨ ਕੀਤੇ ਗਏ ਪਰ ਫੋਨ ਬੰਦ ਆ ਰਿਹਾ ਸੀ। ਉਹ ਪ੍ਰੀਖਿਆ ਦੇਣ ਮਗਰੋਂ ਜਦ ਵੰਸ਼ਿਕਾ ਦੇ ਘਰ ਆ ਕੇ ਦੇਖਿਆ ਤਾਂ ਪਤਾ ਲੱਗਿਆ ਕਿ ਉਹ 25 ਤਰੀਕ ਨੂੰ ਨੌਕਰੀ ਗਈ ਸੀ ਪਰ ਵਾਪਸ ਨਹੀਂ ਆਈ। ਉਸ ਨੇ ਭਾਰਤ ਵਿਚ ਰਹਿੰਦੇ ਉਸ ਦੇ ਪਰਿਵਾਰ ਅਤੇ ਉਥੇ ਰਹਿੰਦੇ ਹੋਰਨਾਂ ਦੋਸਤਾਂ ਨੂੰ ਜਾਣਕਾਰੀ ਦੇ ਕੇ ਆਪਣੇ ਪੱਧਰ 'ਤੇ ਉਸ ਦੀ ਭਾਲ ਸ਼ੁਰੂ ਕੀਤੀ। ਮ੍ਰਿਤਕਾ ਦੇ ਦੋਸਤਾਂ ਅਤੇ ਹੋਰਨਾਂ ਸਨੇਹੀਆਂ ਨੇ ਉਥੋਂ ਦੇ ਮੈਂਬਰ ਪਾਰਲੀਮੈਂਟ ਨਾਲ ਵੀ ਸੰਪਰਕ ਕੀਤਾ, ਜਿਸ ਨੇ ਉਸਦੀ ਭਾਲ ਲਈ ਵੱਖ-ਵੱਖ ਥਾਵਾਂ 'ਤੇ ਮੇਲ ਵੀ ਕੀਤੀ। ਮ੍ਰਿਤਕਾ ਦੇ ਪਿਤਾ ਨੇ ਦੱਸਿਆ ਕਿ 22 ਤਰੀਕ ਨੂੰ ਉਨ੍ਹਾਂ ਦੀ ਫੋਨ 'ਤੇ ਗੱਲ ਹੋਈ ਸੀ। ਪਰਿਵਾਰ ਨੇ ਸ਼ੱਕ ਪ੍ਰਗਟਾਇਆ ਕਿ ਉਨ੍ਹਾਂ ਦੀ ਧੀ ਦਾ ਕਤਲ ਕਤਲ ਕਰ ਕੇ ਉਸ ਦੀ ਲਾਸ਼ ਸਮੁੰਦਰ ਕਿਨਾਰੇ ਸੁੱਟੀ ਗਈ ਹੈ ਤੇ ਇਸ ਮਾਮਲੇ ਦੀ ਗੰਭੀਰਤ ਨਾਲ ਜਾਂਚ ਹੋਣੀ ਚਾਹੀਦੀ ਹੈ।

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਦਮਦਮਾ ਸਾਹਿਬ ਠੱਟਾ ਵਿਖੇ ਸਤਾਈਆਂ ਦੇ ਜੋੜ ਮੇਲੇ ਸਬੰਧੀ ਤਿਆਰੀਆਂ ਜ਼ੋਰਾਂ ਤੇ -ਬਾਬਾ ਹਰਜੀਤ ਸਿੰਘ

## ਸਮਾਗਮ ਲਈ ਸੰਗਤਾਂ ਦੀਆਂ ਡਿਊਟੀਆਂ ਲਗਾਈਆਂ

**ਕਪੂਰਥਲਾ (ਕੌੜਾ)-** ਮਹਾਨ ਸ਼ਹੀਦ ਸੰਤ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਤਿਹਾਸਕ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਵਿਖੇ ਮੁੱਖ ਸੇਵਾਦਾਰ ਬਾਬਾ ਹਰਜੀਤ ਸਿੰਘ ਕਾਰ ਸੇਵਾ ਵਾਲਿਆਂ ਦੀ ਅਗਵਾਈ ਤੇ ਨਿਗਰਾਨੀ ਹੇਠ 2 ਦਿਨਾਂ ( 8 ਤੇ 9 ਮਈ ) ਨੂੰ 181ਵਾਂ ਮਹਾਨ ਸ਼ਹੀਦੀ ਸਮਾਗਮ ਤੇ ਜੋੜ ਮੇਲਾ (ਸਤਾਈਆਂ ) ਸ਼ਰਧਾ ਭਾਵਨਾ ਤੇ ਸਤਿਕਾਰ ਸਹਿਤ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ ਜਿਸ ਦੀਆਂ ਤਿਆਰੀਆਂ ਪੂਰੇ ਜ਼ੋਰਾਂ ਤੇ ਚੱਲ ਰਹੀਆਂ ਹਨ। 5 ਮਈ ਤੋਂ 11 ਮਈ ਤੱਕ ਚੱਲਣ ਵਾਲੇ ਗੁਰਮਤਿ ਸਮਾਗਮਾਂ ਦੀਆਂ ਤਿਆਰੀਆਂ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਦੇ ਮੁੱਖ ਸੇਵਾਦ-ਾਰ ਬਾਬਾ ਹਰਜੀਤ ਸਿੰਘ ਨੇ ਦੱਸਿਆ ਕਿ ਇਲਾਕੇ ਅਤੇ ਦੇਸ਼ ਵਿਦੇਸ਼ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਤੇ ਸਤਿਕਾਰ ਸਹਿਤ ਕਰਵਾਏ ਜਾ ਰਹੇ ਸ਼ਹੀਦੀ ਜੋੜ ਮੇਲੇ ਨੂੰ ਸਬੰਧਿਤ ਲੜੀਵਾਰ ਸ੍ਰੀ ਅਖੰਡ ਪਾਠ ਸਾਹਿਬ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਵਿਖੇ 5 ਮਈ ਤੋਂ 7 ਮਈ , 7 ਤੋਂ 9 ਮਈ ਤੇ 9 ਮਈ ਤੋਂ 11 ਮਈ ਤੱਕ ਲੜੀਵਾਰ ਕਰਵਾਏ ਜਾਣਗੇ। ਉਹਨਾਂ ਦੱਸਿਆ ਕਿ 8 ਮਈ ਵੀਰਵਾਰ ਨੂੰ ਸੱਜਣ ਵਾਲੇ ਰਾਤ ਦੇ ਦੀਵਾਨ ਮੌਕੇ ਭਾਈ ਸਤਿੰਦਰਪਾਲ ਸਿੰਘ ਹਜੂਰੀ ਰਾਗੀ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਠੱਟਾ, ਭਾਈ ਸੀਤਲ ਸਿੰਘ ਸੀਤਲ ਢਾਡੀ ਜਥਾ ਤੇ ਹੋਰ ਕੀਰਤਨੀ ਜਥੇ , ਸੰਤ ਮਹਾਂਪੁਰਸ਼ ਤੇ ਕਥਾਵਾਚਕ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਗੇ। 9 ਮਈ ਦਿਨ ਸ਼ੁੱਕਰਵਾਰ ਨੂੰ ਦੀਵਾਨ ਹਾਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ 9 ਵਜੇ ਤੋਂ ਸ਼ਾਮ 4 ਵਜੇ ਤੱਕ ਸੁੰਦਰ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਭਾਈ ਜਗਦੀਸ਼ ਸਿੰਘ ਵਡਾਲਾ ਦਾ ਢਾਡੀ ਜੱਥਾ, ਭਾਈ ਗਰਜਾ ਸਿੰਘ ਦਾ ਢਾਡੀ ਜਥਾ, ਭਾਈ ਸਰੂਪ ਸਿੰਘ ਕੰਡਿਆਣਾ ਢਾਡੀ ਜਥਾ ਤੇ ਹੋਰ ਰਾਗੀ, ਢਾਡੀ ਤੇ ਕੀਰਤਨੀ ਜਥੇ ਸੰਗਤਾਂ ਨੂੰ ਹਰ ਜਸ ਕੀਰਤਨ ਰਾਹੀਂ ਗੁਰਬਾਣੀ ਨਾਲ ਜੋੜਨਗੇ। ਇਹਨਾਂ ਸਮਾਗਮਾਂ ਸਮੇਂ ਵੱਡੀ ਗਿਣਤੀ ਵਿੱਚ ਸੰਤ ਮਹਾਂਪੁਰਸ਼ ਤੇ ਹੋਰ ਵਿਦਵਾਨ ਸਿੱਖ ਹਸਤੀਆਂ ਵੀ ਹਾਜਰੀ ਭਰਨਗੀਆਂ ।

ਇਹਨਾਂ ਸਮਾਗਮਾਂ ਪ੍ਰਤੀ ਦੇਸ਼ ਵਿਦੇਸ਼ ਤੇ ਇਲਾਕੇ ਭਰ ਦੀਆਂ ਸੰਗਤਾਂ ਵਿੱਚ ਭਾਰੀ ਸ਼ਰਧਾ ਤੇ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਗੁਰੂ ਘਰ ਵਿਖੇ ਨਿਰੰਤਰ ਸੇਵਾਵਾਂ ਚੱਲ ਰਹੀਆਂ ਹਨ। ਸਮਾਗਮ ਦੌਰਾਨ ਇਲਾਕੇ ਭਰ ਦੀਆਂ ਸੰਗਤਾਂ ਤੇ ਹੋਰ ਸੇਵਾ ਸੁਸਾਇਟੀਆਂ ਵੀ ਸਮਾਗਮਾਂ ਦੌਰਾਨ ਸੇਵਾ ਦੇ ਕਾਰਜ ਨਿਭਾਉਣਗੀਆਂ। ਗੁਰਦੁਆਰਾ ਦਮਦਮਾ ਸਾਹਿਬ ਠੱਟਾ ਵਿਖੇ ਇਲਾਕੇ ਭਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਜੋੜ ਮੇਲੇ ਦੌਰਾਨ ਸਮੁੱਚੇ ਸਮਾਗਮਾਂ ਦੌਰਾਨ ਨਿਸ਼ਕਾਮ ਸੇਵਾ ਨਿਰੰਤਰ ਨਿਭਾਈ ਜਾਵੇਗੀ ਜਿਸ ਵਿੱਚ ਲੰਗਰਾਂ ਦੀ ਸੇਵਾ ਗੁਰੂ ਨਾਨਕ ਸੇਵਕ ਜਥਾ ਬਾਹਰਾ ਤੇ ਸਮੁੱਚੇ ਇਲਾਕੇ ਦੀਆਂ ਸੰਗਤਾਂ ਵੱਲੋਂ ਕੀਤੀ ਜਾਵੇਗੀ। ਸਮਾਗਮ ਦੌਰਾਨ ਸਟੇਜ ਸਜਾਉਣ ਦੀ ਸੇਵਾ ਨਗਰ ਪਰਾਣਾ ਠੱਟਾ ਦੀ ਸੰਗਤ ਵੱਲੋਂ ਹੋਵੇਗੀ। ਗੱਡੀਆਂ ਤੇ ਮੋਟਰਸਾਈਕਲਾਂ ਦੀ ਪਾਰਕਿੰਗ ਦੀ ਸੇਵਾ ਸੰਤ ਬਾਬਾ ਖੜਕ ਸਿੰਘ ਜੀ ਸੇਵਾ ਸੋਸਾਇਟੀ ਦੰਦੂਪੁਰ ਵੱਲੋਂ ਕੀਤੀ ਜਾਵੇਗੀ। ਸਮਾਗਮ ਦੌਰਾਨ ਸੰਤਾਂ ਮਹਾਂਪੁਰਸ਼ਾਂ ਦੀ ਆਓ ਭਗਤ ਤੇ ਲੰਗਰਾਂ ਦੀ ਸੇਵਾ ਲਈ ਬਚਨ ਸਿੰਘ ਸਾਬਕਾ ਡੀਐਸਪੀ ਪੁਰ-ਾਣਾ ਠੱਟਾ, ਰੇਸ਼ਮ ਸਿੰਘ, ਸਵਰਨ ਸਿੰਘ, ਹਰਜਿੰਦਰ ਸਿੰਘ, ਜਗਦੀਸ਼ ਸਿੰਘ, ਹਰਜਿੰਦਰ ਸਿੰਘ, ਜਸਵੰਤ ਸਿੰਘ, ਹਰਜਿੰਦਰ ਸਿੰਘ ,ਮਲਕੀਤ ਸਿੰਘ, ਨਿਰਵੈਰ ਸਿੰਘ ਆਦਿ ਵੱਲੋਂ ਕੀਤੀ ਜਾਵੇਗੀ। ਸਮਾਗਮ ਦੌਰਾਨ ਸਟੇਜ ਤੇ ਲਿਖਤ ਪੜਤ ਦੀ ਸੇਵਾ ਮਾਸਟਰ ਜਸਬੀਰ ਸਿੰਘ, ਅਵਤਾਰ ਸਿੰਘ ਚੰਦੀ, ਸੂਰਤ ਸਿੰਘ ਅਮਰਕੋਟ, ਮਲਕੀਤ ਸਿੰਘ ਸੋਢੀ, ਵਿਕਰਮ ਸਿੰਘ ਮੋਮੀ, ਜਗਤਾਰ ਸਿੰਘ ਸ਼ਾਹ ,ਮਾਸਟਰ ਦਲਜੀਤ ਸਿੰਘ ਆਦਿ ਨਿਭਾਉਣਗੇ। ਨਤਮ-ਸਤਕ ਹੋਣ ਵਾਲੀਆਂ ਸੰਗਤਾਂ ਦੀ ਦੇਖ ਰੇਖ ਤੇ ਪਹਿਰੇਦਾਰੀ ਵਾਸਤੇ ਤਰਸੇਮ ਸਿੰਘ ਝੰਡ, ਸੰਦੀਪ ਸਿੰਘ ਟਿੱਬਾ, ਸਵਰਨ ਸਿੰਘ ਮੋਮੀ, ਕਮਲਜੀਤ ਸਿੰਘ ਪੁਰਾਣਾ ਠੱਟਾ,ਬਲਦੇਵ ਸਿੰਘ ਦੰਦੂਪੁਰ ਆਦਿ ਸੇਵਾ ਨਿਭਾਉਣਗੇ। ਉਹਨਾਂ ਦੱਸਿਆ ਕਿ ਸਮਾਗਮ ਦੌਰਾਨ ਜੋੜਿਆਂ ਦੀ ਸੇਵਾ ਗੁਰੂ ਨਾਨਕ ਸੇਵਾ ਸੁਸਾਇਟੀ ਸੁਲਤਾਨਪੁਰ ਲੋਧੀ ਵੱਲੋਂ ਕੀਤੀ ਜਾਵੇਗੀ। ਗੋਲਕਾਂ ਦੀ ਸੇਵਾ ਵਾਸਤੇ ਹਰਿੰਦਰ ਸਿੰਘ, ਗਿਆਨ ਸਿੰਘ, ਜੋਗਿੰਦਰ ਸਿੰਘ ,ਬਲਬੀਰ ਸਿੰਘ, ਅਵਤਾਰ ਸਿੰਘ, ਬਲਵਿੰਦਰ ਸਿੰਘ, ਭਜਨ ਸਿੰਘ ਆਦਿ ਸੇਵਾ ਨਿਭਾਉਣਗੇ। ਸਮਾਗਮ ਦੌਰਾਨ ਦੁਕਾਨਾਂ ਲਗਾਉਣ ਸਬੰਧੀ ਸੂਬਾ ਸਿੰਘ, ਮਲਕੀਤ ਸਿੰਘ, ਗੁਰਦੀਪ ਸਿੰਘ ,ਜੋਗਿੰਦਰ ਸਿੰਘ, ਸਵਰਣ ਸਿੰਘ, ਕਰਮਜੀਤ ਸਿੰਘ ,ਗੁਰਦਿਆਲ ਸਿੰਘ ਮੁੱਤੀ, ਬਲਬੀਰ ਸਿੰਘ , ਸਰਪੰਚ ਨਿਰਮਲ ਸਿੰਘ ਆਦਿ ਦੇਖ ਰੇਖ ਕਰਨਗੇ। ਸਮਾਗਮ ਸਮੇਂ ਗੇਟ ਤੇ ਪਹਿਰੇਦਾਰੀ ਦੀ ਸੇਵਾ ਵਾਸਤੇ ਸਵਰਨ ਸਿੰਘ, ਜੋਗਿੰਦਰ ਸਿੰਘ, ਨਿਰਮਲ ਸਿੰਘ, ਲਖਬੀਰ ਸਿੰਘ ਦੀਆਂ ਡਿਊਟੀਆਂ ਲਗਾਈਆਂ ਗਈਆਂ। ਮੁੱਖ ਸੇਵਾਦਾਰ ਬਾਬਾ ਹਰਜੀਤ ਸਿੰਘ ਨੇ ਸਮੁੱਚੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਵਿਖੇ ਕਰਵਾਏ ਜਾ ਰਹੇ ਮਹਾਨ ਸਮਾਗਮਾਂ ਵਿੱਚ ਨਤਮਸਤਕ ਹੋ ਕੇ ਗੁਰਬਾਣੀ ਸੁਣੋ, ਹੱਥੀ ਸੇਵਾ ਕਰੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਗੁਰਦੁਆਰਾ ਦਮਦਮਾ ਸਾਹਿਬ ਠੱਟਾ ਵਿਖੇ ਸਤਾਈਆਂ ਦੇ ਜੋੜ ਮੇਲੇ ਦੀਆਂ ਤਿਆਰੀਆਂ ਸਬੰਧੀ ਗੱਲਬਾਤ ਕਰਦੇ ਹੋਏ ਮੁੱਖ ਸੇਵਾਦਾਰ ਬਾਬਾ ਹਰਜੀਤ ਸਿੰਘ ਨਾਲ ਹੋਰ ਸੇਵਾਦਾਰ।

# ਪ੍ਰਵਾਸੀ ਭਾਰਤੀਆਂ ਦੁਆਰਾ ਸੁੰਨੜਵਾਲ ਸਕੂਲ ਨੂੰ ਆਰ ਓ ਤੇ ਸਟੇਸ਼ਨਰੀ ਭੇਂਟ

### ਪ੍ਰਵਾਸੀ ਹਮੇਸ਼ਾ ਹੀ ਸਕੂਲ ਦੇ ਵਿਕਾਸ ਕਾਰਜਾਂ ਤੇ ਮਦਦ ਕਰਕੇ ਆਪਣੇ ਆਪ ਨੂੰ ਸਨਮਾਨਿਤ ਮਹਿਸੂਸ ਕਰਦੇ ਹਨ - ਜਸਵੀਰ ਸਿੰਘ



**ਕਪੂਰਥਲਾ ( ਵਿਸ਼ੇਸ਼ ਪ੍ਰਤੀਨਿਧ)-** ਸਰਕਾਰੀ ਸਮਾਰਟ ਮਿਡਲ ਤੇ ਐਲੀਮੈਂਟਰੀ ਸਕੂਲ ਸੁੰਨੜਵਾਲ ਵਿਖੇ ਪ੍ਰਵਾਸੀ ਭਾਰਤੀ ਪਰਿਵਾਰ ਦੁਆਰਾ ਪੀਣ ਲਈ ਸਾਫ਼ ਪਾਣੀ ਦੇ ਉਦੇਸ਼ ਨਾਲ ਆਰ ਓ ਤੇ ਜ਼ਰੂਰਤਮੰਦ ਬੱਚਿਆਂ ਲਈ ਸਟੇਸ਼ਨਰੀ ਭੇਂਟ ਕੀਤੀ ਗਈ। ਇਸ ਦੌਰਾਨ ਬਹੁਤ ਹੀ ਸਾਦਾ ਤੇ ਪ੍ਰਭਾਵਸ਼ਾਲੀ ਸਮਾਗਮ ਸਕੂਲ ਇੰਚਾਰਜ ਸੁਖਦਿਆਲ ਸਿੰਘ ਝੰਡ ਦੀ ਅਗਵਾਈ ਵਿੱਚ ਆਯੋਜਿਤ ਕੀਤਾ ਗਿਆ। ਇਸ ਦੌਰਾਨ ਕੁਲਵੰਤ ਸਿੰਘ ਕੰਤਾ ਕੈਨੇਡਾ ਪੁੱਤਰ ਸ: ਜਗਦੀਸ਼ ਸਿੰਘ ਸੁੰਨੜ , ਅੰਮ੍ਰਿਤ ਕੌਰ ਕੈਨੇਡਾ ਤੇ ਜਸਵੀਰ ਸਿੰਘ ਰਾਮਾ ਸੁੰਨੜ ਵੱਲੋ ਸਰਕਾਰੀ ਮਿਡਲ ਤੇ ਪ੍ਰਾਇਮਰੀ ਸਕੂਲ ਦੇ ਬੱਚਿਆਂ ਲਈ ਸਾਫ ਪਾਣੀ ਪੀਣ ਲਈ ਆਰ ਓ ਤੇ 200 ਕਾਪੀਆਂ, ਪੈਨ, ਪੈਨਸਿਲ ਭੇਂਟ ਕੀਤੀਆਂ ਗਈਆਂ। ਇਸ ਤੋਂ ਪਹਿਲਾਂ ਜਸਵੀਰ ਸਿੰਘ ਰਾਮਾ ਨੇ ਕਿਹਾ ਕਿ ਪ੍ਰਵਾਸੀ ਵੀਰ ਹਮੇਸ਼ਾ ਹੀ ਜ਼ਰੂਰਤਮੰਦ ਵਿਦਿਆਰਥੀਆਂ ਤੇ ਸਕੂਲ ਦੇ ਵਿਕਾਸ ਕਾਰਜਾਂ ਵਿੱਚ ਆਪਣਾ ਯੋਗਦਾਨ ਪਾ ਕੇ ਆਪਣੇ ਆਪ ਨੂੰ ਸਨਮਾਨਿਤ ਮਹਿਸੂਸ ਕਰਦੇ ਹਨ । ਉਹਨਾਂ ਕਿਹਾ ਕਿ ਸੁੰਨੜਵਾਲ ਸਕੂਲ ਵਿੱਚ ਬੱਚਿਆਂ ਦੇ ਪੀਣ ਵਾਲੇ ਸਾਫ਼ ਪਾਣੀ ਨੂੰ ਧਿਆਨ ਵਿੱਚ ਰੱਖਦੇ ਹੋਏ ਆਰ ਓ ਤੇ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਸਟੇਸ਼ਨਰੀ ਦਿੱਤੀ ਗਈ ਹੈ। ਉਹਨਾਂ ਕਿਹਾ ਕਿ ਭਵਿੱਖ ਵਿੱਚ ਵੀ ਇਸੇ ਪ੍ਰਕਾਰ ਸਕੂਲ ਦੇ ਜ਼ਰੂਰਤਮੰਦ ਵਿਦਿਆਰਥੀਆਂ ਦੀ ਮਦਦ ਤੇ ਸਕੂਲ ਦੇ ਵਿਕਾਸ ਕਾਰਜਾਂ ਵਿੱਚ ਸਹਿਯੋਗ ਦਿੱਤਾ ਜਾਵੇਗਾ। ਸਮਾਗਮ ਦੇ ਅੰਤ ਵਿੱਚ ਸਕੂਲ ਦੇ ਇੰਚਾਰਜ ਸੁਖਦਿਆਲ ਸਿੰਘ ਝੰਡ ਨੇ ਸੁੰਨੜ ਪਰਿਵਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਮਨੂੰ ਕੁਮਾਰ ਪ੍ਰਾਸ਼ਰ, ਮੈਡਮ ਲਖਵਿੰਦਰ ਕੌਰ ਤੇ ਸੁਖਜੀਤ ਕੌਰ ਆਦਿ ਸਮੂਹ ਸਟਾਫ ਹਾਜ਼ਰ ਸਨ।

# ਸਿੱਖ ਨੈਸ਼ਨਲ ਕਾਲਜ ਬੰਗਾ ਦੇ ਸਟਾਫ ਨੇ ਪਹਿਲਗਾਮ ਦੇ ਸ਼ਹੀਦਾਂ ਨੂੰ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)** ਸਿੱਖ ਨੈਸ਼ਨਲ ਕਾਲਜ ਬੰਗਾ ਦੇ ਐੱਨ. ਐੱਸ ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਜੀ ਦੀ ਯੋਗ ਅਗਵਾਈ ਹੇਠ ਪ੍ਰੋਗਰਾਮ ਅਫ਼ਸਰ ਪ੍ਰੋ ਵਿਪਨ, ਡਾ. ਨਿਰਮਲਜੀਤ ਕੌਰ ਜੀ ਦੇ ਯਤਨਾਂ ਸਦਕਾ ਸਮੂਹ ਸਟਾਫ਼ ਵੱਲੋਂ ਪਹਿਲਗਾਮ ਹਮਲੇ ਵਿਚ ਪੀੜਤਾਂ ਦੇ ਲਈ ਮੌਨ ਰੱਖ ਕੇ ਉਹਨਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ।ਪ੍ਰਿੰਸੀਪਲ ਡਾ. ਤਰਸੇਮ ਸਿੰਘ ਜੀ ਵੱਲੋਂ ਜੰਮੂ ਕਸ਼ਮੀਰ ਦੇ ਪਹਿਲਗਾਮ ਦੀ ਬੈਸਰਨ ਘਾਟੀ ਵਿਚ ਹੋਏ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕਰਦਿਆਂ ਅਤੇ ਭਵਿੱਖ ਵਿੱਚ ਅੱਤਵਾਦ ਵਿਰੁੱਧ



ਸਰਕਾਰ ਵੱਲੋਂ ਚੁੱਕੇ ਜਾਣ ਵਾਲੇ ਕਿਸੇ ਵੀ ਕਦਮ ਦਾ ਸਮਰਥਨ ਦੇਣ ਲਈ ਵਚਨਬੱਧਤਾ ਦੁਹਰਾਈ ਗਈ।ਉਹਨਾਂ ਕਿਹਾ ਕਿ ਅੱਤਵਾਦ ਨਾਲ ਨਜਿੱਠਣ ਲਈ ਸਮੁੱਚੀ ਮਾਨ-ਵਤਾ ਨੂੰ ਇਕਜੁੱਟ ਹੋਣਾ ਪਵੇਗਾ ਤਾਂ ਹੀ ਪੀੜਤਾਂ ਦੇ ਪਰਿਵਾਰਾਂ ਨੂੰ ਇਨਸਾਫ਼ ਮਿਲ ਸਕੇਗਾ।ਇਸ ਮੌਕੇ ਵਲੰਟੀਅਰ ਵਿਦਿਆਰਥੀ ਮਨਜੋਤ ਕੌਰ ਅਤੇ ਸਿਮਰਨ ਵੱਲੋਂ ਪੋਸਟਰ ਬਣਾ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਆਰ ਸੀ ਐਫ ਇੰਪਲਾਈਜ਼ ਯੂਨੀਅਨ ਦੀ ਸਫਲ ਜਨ ਜਾਗਰਣ ਮੁਹਿੰਮ ਸਮਾਪਤ

## ● ਕਰਮਚਾਰੀ ਵੱਡੇ ਅੰਦੋਲਨ ਲਈ ਲਾਮਬੰਦ ● ਵਧੇ ਹੋਏ ਕੋਚ ਉਤਪਾਦਨ ਨੂੰ ਪੂਰਾ ਕਰਨ ਲਈ ਜਲਦ ਨਵੀਂ ਭਰਤੀ ਕਰੇ ਪ੍ਰਸ਼ਾਸਨ- ਭਰਤ ਰਾਜ

**ਕਪੂਰਥਲਾ (ਕੌੜਾ )–** ਆਰ ਸੀ ਐਫ ਇੰਪਲਾਈਜ਼ ਯੂਨੀਅਨ ਵੱਲੋਂ ਪਿਛਲੇ ਅੱਠ ਦਿਨਾਂ ਤੋਂ ਚਲਾਈ ਜਾ ਰਹੀ ਜਨ ਜਾਗਰਣ ਮੁਹਿੰਮ ਅੱਜ ਫਰਨੀਸ਼ਿੰਗ ਸ਼ਾਪ ਵਿੱਚ ਸੀਟ ਐਂਡ ਬਰਥ ਸੈਕਸ਼ਨ ਦੇ ਕੋਲ ਇੱਕ ਵਿਸ਼ਾਲ ਸਭਾ ਦੇ ਨਾਲ ਸਫਲਤਾਪੂਰਵਕ ਸਮਾਪਤ ਹੋਈ।

ਇਸ ਮੁਹਿੰਮ ਦੇ ਆਖਰੀ ਦਿਨ ਸੈਂਕੜੇ ਕਰਮਚਾਰੀਆਂ ਨੇ ਇਕਜੁੱਟ ਹੋ ਕੇ ਪ੍ਰਸ਼ਾਸਨ ਦੀਆਂ ਕਥਿਤ ਕਰਮਚਾਰੀ ਵਿਰੋਧੀ ਨੀਤੀਆਂ ਦੇ ਖਿਲਾਫ ਆਪਣੀ ਆਵਾਜ਼ ਬੁਲੰਦ ਕੀਤੀ। ਯੂਨੀਅਨ ਦੇ ਨੇਤਾਵਾਂ ਨੇ ਸਪਸ਼ਟ ਤੌਰ 'ਤੇ ਕਿਹਾ ਕਿ ਇਹ ਜਨ ਜਾਗਰਣ ਮੁਹਿੰਮ ਇੱਥੇ ਹੀ ਸਮਾਪਤ ਨਹੀਂ ਹੋਵੇਗੀ, ਸਗੋਂ ਆਉਣ ਵਾਲੇ ਦਿਨਾਂ ਵਿੱਚ ਇੱਕ ਵੱਡੇ ਅੰਦੋਲਨ ਦੀ ਤਿਆਰੀ ਹੈ, ਜਿਸਦੇ ਲਈ ਕਰਮਚਾਰੀ ਪੂਰੀ ਤਰ੍ਹਾਂ ਨਾਲ ਲਾਮਬੰਦ ਹਨ।

ਮੁਹਿੰਮ ਦੇ ਸਮਾਪਤੀ ਸੈਸ਼ਨ ਨੂੰ ਸੰਬੋਧਿਤ ਕਰਦੇ ਹੋਏ, ਯੂਨੀਅਨ ਦੇ ਸੰਗਠਨ ਸਕੱਤਰ ਭਰਤ ਰਾਜ ਨੇ ਪ੍ਰਸ਼ਾਸਨ ਦੀ ਉਦਾਸੀਨਤਾ 'ਤੇ ਸਖ਼ਤ ਨਾਰਾਜ਼ਗੀ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਆਰਸੀਐਫ ਵਿੱਚ ਗਰੁੱਪ ਸੀ ਅਤੇ ਡੀ ਦੇ 1547 ਖਾਲੀ ਅਹੁਦਿਆਂ ਨੂੰ ਭਰਨ ਵਿੱਚ ਪ੍ਰਸ਼ਾਸਨ ਜਾਣਬੁੱਝ ਕੇ ਦੇਰੀ ਕਰ ਰਿਹਾ ਹੈ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਭਰਤੀ ਪ੍ਰਕਿਰਿਆ ਦੇ ਨਾਮ 'ਤੇ ਸਿਰਫ ਦਿਖਾਵਾ ਕੀਤਾ ਜਾ ਰਿਹਾ ਹੈ, ਜਿਸ ਵਿੱਚ ਕੁਝ-ਕੁ ਕਰਮਚਾਰੀਆਂ ਦੇ ਇੰਡੈਂਟ ਭੇਜੇ ਜਾ ਰਹੇ ਹਨ ਅਤੇ ਉਨ੍ਹਾਂ ਵਿੱਚ ਵੀ ਰੇਲਵੇ ਬੋਰਡ ਦੁਆਰਾ ਭਾਰੀ ਕਟੌਤੀ ਕਰਕੇ ਨਾਮਾਤਰ ਦੇ ਕਰਮਚਾਰੀ ਉਪਲਬਧ ਕਰਵਾਏ ਜਾ ਰਹੇ ਹਨ। ਇਹ ਰਵੱਈਆ ਸਪਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਪ੍ਰਸ਼ਾਸਨ ਕਰਮਚਾਰੀਆਂ ਦੀਆਂ ਜ਼ਰੂਰਤਾਂ ਪ੍ਰਤੀ ਕਿੰਨਾ ਅਸੰਵੇਦਨਸ਼ੀਲ ਹੈ। ਸਾਲ 2025-26 ਵਿੱਚ 3000 ਕੋਚ ਉਤਪਾਦਨ ਦਾ ਟੀਚਾ ਪੂਰਾ ਕਰਨਾ ਹੈ ਤਾਂ ਜਲਦ ਤੋਂ ਜਲਦ ਨਵੀਂ ਭਰਤੀ ਕਰੇ ਪ੍ਰਸ਼ਾਸਨ।

ਭਰਤ ਰਾਜ ਨੇ ਫਰਨੀਸ਼ਿੰਗ ਵਿਭਾਗ ਦੀ ਦੁਰਦਸ਼ਾ ਦਾ ਵੀ ਜ਼ਿਕਰ ਕੀਤਾ, ਜਿੱਥੇ ਕੂੜੇ ਦੇ ਢੇਰ ਅਤੇ ਸਕਰੇਪ ਹੋ ਚੁੱਕੀ ਸਮੱਗਰੀ ਆਦਿ ਦੇ ਅੰਬਾਰ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਕਾਰਜ ਸਥਾਨ 'ਤੇ ਇੰਨੀ ਜ਼ਿਆਦਾ ਗੰਦਗੀ ਅਤੇ ਰੁਕਾਵਟ ਹੈ ਕਿ ਕਰਮਚਾਰੀਆਂ ਨੂੰ ਲੋੜੀਂਦੀ ਸਮੱਗਰੀ ਨੂੰ ਇੱਕ ਸਥਾਨ ਤੋਂ ਦੂਜੇ ਸਥਾਨ 'ਤੇ ਲਿਜਾਣਾ ਵੀ ਮੁਸ਼ਕਲ ਹੋ ਗਿਆ ਹੈ, ਜਿਸ ਨਾਲ ਉਤਪਾਦਨ ਪ੍ਰਕਿਰਿਆ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਉਨ੍ਹਾਂ ਨੇ ਕੋਚ ਪ੍ਰੋਡਕਸ਼ਨ ਦੀ ਦੋਸ਼ਪੂਰਨ ਪਲਾਨਿੰਗ 'ਤੇ ਵੀ ਸਵਾਲ ਉਠਾਇਆ, ਜਿਸਦੇ ਕਾਰਨ ਫਲੋਰਿੰਗ ਅਤੇ ਹੋਰ ਸੈਕਸ਼ਨ ਦੇ ਕਰਮਚਾਰੀਆਂ ਨੂੰ ਫਿਨਿਸ਼ਿੰਗ ਸ਼ਾਪ ਵਿੱਚ ਭੇਜ ਕੇ ਕੰਮ ਕਰਵਾਏ ਜਾ ਰਹੇ ਹਨ, ਜਿਸ ਨਾਲ ਨਾ ਸਿਰਫ ਕੰਮ ਦੀ ਗੁਣਵੱਤਾ ਪ੍ਰਭਾਵਿਤ ਹੋ ਰਹੀ ਹੈ ਬਲਕਿ ਕਰਮਚਾਰੀਆਂ 'ਤੇ ਬੇਲੋੜਾ ਦਬਾਅ ਵੀ ਵੱਧ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਸਿਰਫ ਫਰਨੀਸ਼ਿੰਗ ਵਿਭਾਗ ਦੀ ਸਮੱਸਿਆ ਨਹੀਂ ਹੈ, ਸਗੋਂ ਹੋਰ ਸਾਰੇ ਸੈਕਸ਼ਨਾਂ ਵਿੱਚ ਵੀ ਕਰਮਚਾਰੀਆਂ ਦਾ ਬੁਰਾ ਹਾਲ ਹੈ ਅਤੇ ਉਹ ਬੁਨਿਆਦੀ ਸਹੂਲਤਾਂ ਲਈ ਵੀ ਤਰਸ ਰਹੇ ਹਨ।





ਉਨ੍ਹਾਂ ਨੇ ਪ੍ਰਸ਼ਾਸਨ ਦੀ ਲਾਪਰਵਾਹੀ ਦੀ ਹੱਦ ਦੱਸਦੇ ਹੋਏ ਕਿਹਾ ਕਿ ਜੋ ਪ੍ਰਬੰਧਨ ਆਪਣੇ ਕਰਮਚਾਰੀਆਂ ਨੂੰ ਬੁਨਿਆਦੀ ਸੁਰੱਖਿਆ ਉਪਕਰਣ ਜਿਵੇਂ ਕਿ ਸੇਫਟੀ ਹੈਂਡ ਗਲਵਜ਼, ਡਰਿੱਲ ਮਸ਼ੀਨ ਅਤੇ ਡਰਿੱਲ ਬਿੱਟ ਵਰਗੀਆਂ ਜ਼ਰੂਰੀ ਚੀਜ਼ਾਂ ਵੀ ਉਪਲਬਧ ਨਹੀਂ ਕਰਵਾ ਸਕਦਾ, ਉਨ੍ਹਾਂ ਤੋਂ ਕਰਮਚਾਰੀਆਂ ਦੇ ਕਲਿਆਣ ਅਤੇ ਬਿਹਤਰ ਕਾਰਜ ਦੀ ਉਮੀਦ ਕਰਨਾ ਵਿਅਰਥ ਹੈ।

ਆਰਸੀਐਫ ਇੰਪਲਾਈਜ਼ ਯੂਨੀਅਨ ਦੇ ਜਨਰਲ ਸਕੱਤਰ ਸਰਬਜੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਰਮਚਾਰੀਆਂ ਨੂੰ 1 ਮਈ ਨੂੰ ਮਜ਼ਦੂਰ ਦਿਵਸ ਦੇ ਮਹੱਤਵ ਬਾਰੇ ਦੱਸਦੇ ਹੋਏ ਵਰਕਸ਼ਾਪ ਗੇਟ 'ਤੇ ਹੋਣ ਵਾਲੇ ਝੰਡਾ ਲਹਿਰਾਉਣ ਦੇ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਇਸ ਸਾਲ ਮਜ਼ਦੂਰ ਦਿਵਸ ਹੋਰ ਵੀ ਮਹੱਤਵਪੂਰਨ ਹੈ ਕਿਉਂਕਿ ਮੁੱਖ ਬੁਲਾਰੇ ਵਜੋਂ ਏਆਈਸੀਸੀਟੀਯੂ ਦੇ ਜ਼ਿਲ੍ਹਾ ਪ੍ਰਧਾਨ, ਕਾਮਰੇਡ ਕਵਲਜੀਤ ਸਿੰਘ, ਵਿਸ਼ੇਸ਼ ਤੌਰ 'ਤੇ ਹਾਜ਼ਰ ਰਹਿਣਗੇ। ਕਾਮਰੇਡ ਕਵਲਜੀਤ ਸਿੰਘ ਦੇਸ਼ ਅਤੇ ਦੁਨੀਆ ਦੇ ਮਜ਼ਦੂਰਾਂ ਦੀ ਮੌਜੂਦਾ ਸਥਿਤੀ, ਉਨ੍ਹਾਂ ਦੇ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਅਤੇ ਇਤਿਹਾਸਕ ਮਈ ਦਿਵਸ ਦੇ ਮਹੱਤਵ 'ਤੇ ਆਪਣੇ ਵਿਚਾਰ ਰੱਖਣਗੇ, ਜਿਸ ਨਾਲ ਕਰਮਚਾਰੀਆਂ ਨੂੰ ਪ੍ਰੇਰਨਾ ਅਤੇ ਮਾਰਗਦਰਸ਼ਨ ਮਿਲੇਗਾ।

ਜਨਰਲ ਸਕੱਤਰ ਸਰਬਜੀਤ ਸਿੰਘ ਨੇ ਜਨ ਜਾਗਰਣ ਮੁਹਿੰਮ ਦੌਰਾਨ ਉਠਾਏ ਗਏ ਹੋਰ ਮਹੱਤਵਪੂਰਨ ਮੁੱਦਿਆਂ ਨੂੰ ਵੀ ਵਿਸਥਾਰ ਨਾਲ ਰੱਖਿਆ। ਉਨ੍ਹਾਂ ਨੇ ਠੇਕਾ ਪ੍ਰਣਾਲੀ ਦੇ ਵੱਧਦੇ ਜਾਲ 'ਤੇ ਡੂੰਘੀ ਚਿੰਤਾ ਜ਼ਾਹਰ ਕੀਤੀ ਅਤੇ ਦੋਸ਼ ਲਗਾਇਆ ਕਿ ਪ੍ਰਸ਼ਾਸਨ ਸਥਾਈ ਕਰਮਚਾਰੀਆਂ ਦੀ ਭਰਤੀ ਕਰਨ ਦੀ ਬਜਾਏ ਵੱਡੇ ਪੱਧਰ 'ਤੇ ਠੇਕਾ ਕਰਮਚਾਰੀਆਂ ਨੂੰ ਨਿਯੁਕਤ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਨਾ ਸਿਰਫ ਨਿਯਮਤ ਕਰਮਚਾਰੀਆਂ ਦੇ ਅਧਿਕਾਰਾਂ ਦਾ ਉਲੰਘਣ ਹੈ ਬਲਕਿ ਠੇਕਾ ਕਰਮਚਾਰੀਆਂ ਦੇ ਸ਼ੋਸ਼ਣ ਨੂੰ ਵੀ ਉਤਸ਼ਾਹਿਤ ਕਰਦਾ ਹੈ, ਜਿਨ੍ਹਾਂ ਨੂੰ ਘੱਟ ਤਨਖਾਹ ਅਤੇ ਖਰਾਬ ਕੰਮਕਾਜੀ ਹਾਲਾਤਾਂ ਵਿੱਚ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਉਨ੍ਹਾਂ ਨੇ ਕਰਮਚਾਰੀਆਂ ਦੇ ਰਿਹਾਇਸ਼ ਦੀ ਗੰਭੀਰ ਸਮੱਸਿਆ 'ਤੇ ਵੀ ਪ੍ਰਕਾਸ਼ ਪਾਇਆ ਅਤੇ ਕਿਹਾ ਕਿ ਸਾਲਾਂ ਤੋਂ ਕਰਮਚਾਰੀ ਉਚਿਤ ਰਿਹਾਇਸ਼ ਦੀ ਮੰਗ ਕਰ ਰਹੇ ਹਨ, ਪਰ ਪ੍ਰਸ਼ਾਸਨ ਇਸ ਦਿਸ਼ਾ ਵਿੱਚ ਕੋਈ ਠੋਸ ਕਦਮ ਨਹੀਂ ਉਠਾ ਰਿਹਾ ਹੈ, ਜਿਸ ਨਾਲ ਕਰਮਚਾਰੀਆਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਯੂਨੀਅਨ ਨੇਤਾਵਾਂ ਨੇ ਸਪਸ਼ਟ ਸ਼ਬਦਾਂ ਵਿੱਚ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਕਰਮਚਾਰੀਆਂ ਦੀਆਂ ਇਨ੍ਹਾਂ ਜਾਇਜ਼ ਮੰਗਾਂ 'ਤੇ ਤੁਰੰਤ ਅਤੇ ਤਸੱਲੀਬਖਸ਼ ਕਾਰਵਾਈ ਨਹੀਂ ਕੀਤੀ ਜਾਂਦੀ, ਤਾਂ ਆਰਸੀਐਫ ਇੰਪਲਾਈਜ਼ ਯੂਨੀਅਨ ਇੱਕ ਵੱਡੇ ਅੰਦੋਲਨ ਲਈ ਮਜਬੂਰ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਜਨ ਜਾਗਰਣ ਮੁਹਿੰਮ ਤਾਂ ਸਿਰਫ ਇੱਕ ਸ਼ੁਰੂਆਤ ਹੈ ਅਤੇ ਕਰਮਚਾਰੀ ਆਪਣੇ ਅਧਿਕਾਰਾਂ ਦੀ ਰੱਖਿਆ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹਨ। ਉਨ੍ਹਾਂ ਨੇ ਸਾਰੇ ਕਰਮਚਾਰੀਆਂ ਨੂੰ ਇਕਜੁੱਟ ਰਹਿਣ ਅਤੇ ਆਉਣ ਵਾਲੇ ਅੰਦੋਲਨ ਲਈ ਕਮਰ ਕੱਸ ਲੈਣ ਦਾ ਸੱਦਾ ਦਿੱਤਾ, ਤਾਂ ਜੋ ਪ੍ਰਸ਼ਾਸਨ ਨੂੰ ਉਨ੍ਹਾਂ ਦੀਆਂ ਮੰਗਾਂ ਨੂੰ ਸੁਣਨ ਅਤੇ ਉਨ੍ਹਾਂ 'ਤੇ ਕਾਰਵਾਈ ਕਰਨ ਲਈ ਮਜਬੂਰ ਕੀਤਾ ਜਾ ਸਕੇ।

ਅੱਜ ਦੇ ਜਨ ਜਾਗਰਣ ਮੁਹਿੰਮ ਵਿੱਚ ਯੂਨੀਅਨ ਦੇ ਵਧੀਕ ਸੰਜੀਵ ਅਮਰੀਕ ਸਿੰਘ, ਸਾਂਝੇ ਸਕੱਤਰ ਜਸਪਾਲ ਸਿੰਘ, ਸਹਾਇਕ ਸਕੱਤਰ ਨਰਿੰਦਰ ਕੁਮਾਰ, ਜਾਗਤਾਰ ਸਿੰਘ, ਪ੍ਰੈਸ ਸਕੱਤਰ ਤ੍ਰਿਲੋਚਨ ਸਿੰਘ, ਸਹਾਇਕ ਸਕੱਤਰ ਜਗਤਾਰ ਸਿੰਘ, ਉਪ ਪ੍ਰਧਾਨ ਤਲਵਿੰਦਰ ਸਿੰਘ, ਕਾਰਜਕਾਰੀ ਮੈਂਬਰ ਬਲਜਿੰਦਰ ਪਾਲ, ਅਵਤਾਰ ਸਿੰਘ, ਨਵਦੀਪ ਕੁਮਾਰ, ਬਲਰਾਮ, ਰਾਜਿੰਦਰ ਕੁਮਾਰ, ਹਰਜਿੰਦਰ ਹੈਰੀ, ਪੰਕਜ ਕੁਮਾਰ, ਗੁਰਪ੍ਰੀਤ ਸਿੰਘ, ਜਗਜੀਤ ਸਿੰਘ, ਜਗਦੀਪ ਸਿੰਘ, ਅਨਿਲ ਕੁਮਾਰ, ਅਸ਼ਵਨੀ ਕੁਮਾਰ, ਹਰਪ੍ਰੀਤ ਸਿੰਘ, ਸ਼ਿਵਰਾਜ ਮੀਨਾ ਆਦਿ ਸਮੇਤ ਸੈਂਕੜੇ ਆਰ ਸੀ ਐਫ ਕਰਮਚਾਰੀ ਸ਼ਾਮਿਲ ਸਨ।

# 5 ਦਿਨਾਂ 'ਛੋਕਰਾਂ ਕ੍ਰਿਕਟ ਚੈਂਪੀਅਨਸ਼ਿਪ 2025' ਅੱਜ ਤੋਂ ਸ਼ੁਰੂ



**ਫਿਲੌਰ/ਅੱਪਰਾ (ਦੀਪਾ)**-ਕਰੀਬੀ ਪਿੰਡ ਛੋਕਰਾਂ ਵਿਖੇ ਸ਼ਹੀਦ ਊਧਮ ਸਿੰਘ ਤੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਛੋਕਰਾਂ, ਗ੍ਰਾਮ ਪੰਚਾਇਤ, ਐੱਨ. ਆਰ. ਆਈ ਵੀਰਾਂ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 5 ਦਿਨਾਂ 'ਛੋਕਰਾਂ ਕ੍ਰਿਕਟ ਚੈਂਪੀਅਨਸ਼ਿਪ 2025' ਅੱਜ 30 ਅਪ੍ਰੈਲ ਦਿਨ ਬੁੱਧਵਾਰ ਤੋਂ ਸ਼ੁਰੂ ਹੋ ਰਹੀ ਹੈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਮੂਹ ਅਹੁਦੇਦਾਰਾਂ ਤੇ ਮੋਹਤਬਰਾਂ ਨੇ ਦੱਸਿਆ ਕਿ 5 ਦਿਨਾਂ 'ਛੋਕਰਾਂ ਕ੍ਰਿਕਟ ਚੈਂਪੀਅਨਸ਼ਿਪ 2025' ਮਿਤੀ 30 ਅਪ੍ਰੈਲ ਦਿਨ ਬੁੱਧਵਾਰ ਤੋਂ ਸ਼ੁਰੂ ਹੋ ਕੇ ਮਿਤੀ 1, 2, 3 ਤੇ 4 ਮਈ ਦਿਨ ਵੀਰਵਾਰ, ਸ਼ੁੱਕਰਵਾਰ, ਸ਼ਨੀਵਾਰ ਤੇ ਐਤਵਾਰ ਤੱਕ ਚੱਲੇਗੀ । ਇਸ ਮੌਕੇ ਸੀਰੀਜ਼ ਪਿੰਡ ਵਾਲਾ ਤੇ ਸੀਰੀਜ ਬਾਹਰ ਵਾਲਾ 'ਚ ਇਲਾਕੇ ਭਰ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈਣਗੀਆਂ । ਚੈਂਪੀਅਨਸ਼ਿਪ ਦੌਰਾਨ ਸੀਰੀਜ਼ ਪਿੰਡ ਵਾਲਾ ਦੀ ਜੈਤੂ ਟੀਮ ਨੂੰ 81 ਹਜ਼ਾਰ ਰੁਪਏ ਨਕਦ ਤੇ ਉਪ ਜੈਤੂ ਟੀਮ ਨੂੰ 61 ਹਜ਼ਾਰ ਰੁਪਏ ਨਕਦ ਇਨਾਮ ਦਿੱਤਾ ਜਾਵੇਗਾ । ਇਸੇ ਤਰਾਂ ਸੀਰੀਜ਼ ਪਿੰਡ ਵਾਲਾ ਦੀ ਜੈਤੂ ਟੀਮ ਨੂੰ ਇੱਕ ਫੋਰਡ ਟਰੈਕਟਰ 3600, ਉੱਪ ਜੈਤੂ ਟੀਮ ਨੂੰ ਇੱਕ ਮੋਟਰਸਾਈਕਲ ਤੇ ਸੀਰੀਜ਼ ਬਾਹਰ ਵਾਲਾ ਦੀ ਜੈਤੂ ਟੀਮ ਨੂੰ ਵੀ ਇੱਕ ਫੋਰਡ ਟਰੈਕਟਰ 3600 ਤੇ ਉੱਪ ਜੈਤੂ ਟੀਮ ਨੂੰ ਇੱਕ ਮੋਟਰਸਾਈਕਲ ਇਨਾਮ ਦੇ ਤੌਰ 'ਤੇ ਦਿੱਤਾ ਜਾਵੇਗਾ । ਚੈਂਪੀਅਨਸ਼ਿਪ ਦਾ ਸ਼ੁੱਭ ਆਰੰਭ 30 ਅਪ੍ਰੈਲ ਦਿਨ ਬੁੱਧਵਾਰ ਨੂੰ ਹੋਵੇਗਾ ਤੇ ਚੈਂਪੀਅਨਸ਼ਿਪ ਦੇ ਫਾਈਨਲ ਮੁਕਾ-ਬਲੇ 4 ਮਈ ਦਿਨ ਐਤਵਾਰ ਨੂੰ ਹੋਣਗੇ । 4 ਮਈ ਦਿਨ ਐਤਵਾਰ ਨੂੰ ਹੀ ਦਰਸ਼ਕਾਂ ਲਈ ਲੱਕੀ ਡਰਾਅ ਵੀ ਕੱਢੇ ਜਾਣਗੇ ।

# ਯੂ. ਕੇ ਦੀ ਧਰਤੀ 'ਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਸਮਰਪਿਤ ਸਮਾਗਮ 4 ਮਈ ਨੂੰ

## ਪੰਜਾਬੀ ਲੋਕ ਗਾਇਕ ਧਰਮਿੰਦਰ ਮਸਾਣੀ ਲਗਾਉਣਗੇ ਖਾਸ ਹਾਜ਼ਰੀ

**ਫਿਲੌਰ/ਅੱਪਰਾ (ਦੀਪਾ)**- ਬਹੁਜਨ ਵਿਚਾਰ ਮੰਚ (ਯੂ.ਕੇ) ਵਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਯਾਦ ਨੂੰ ਸਮਰਪਿਤ ਸਮਾਗਮ ਮਿਤੀ 4 ਮਈ ਦਿਨ ਐਤਵਾਰ ਨੂੰ ਬਿਲਸਟਨ ਕਮਿਊਨਟੀ ਸੈਂਟਰ ਡਬਲਯੂ ਵੀ. 14-6 ਪੀ. ਡਬਲਯੂ ਵਿਖੇ ਸਵੇਰੇ 11 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਕਰਵਾਇਆ ਜਾ ਰਿਹਾ ਹੈ । ਇਸ ਮੌਕੇ ਲੋਕ ਗਾਇਕ ਧਰਮਿੰਦਰ ਮਸਾਣੀ ਤੇ ਰਾਜਨ ਗਿੱਲ ਆਪਣਾ ਪ੍ਰੋਗਰਾਮ ਪੇਸ਼ ਕਰਨਗੇ ਤੇ ਬਾਬਾ ਸਾਹਿਬ ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜੀਵਨ, ਸੋਚ ਤੇ ਫ਼ਲਸਫੇ ਬਾਰੇ ਗੀਤਾਂ ਰਾਹੀਂ ਉਨਾਂ ਦੀ ਮਹਿਮਾ ਦਾ ਗੁਣਗਾਣ ਕਰਨਗੇ । ਇਸ ਮੌਕੇ ਗਾਇਕ ਧਰਮਿੰਦਰ ਮਸਾਣੀ ਨੇ ਲਖਵਿੰਦਰ ਬਸਰਾ ਤੇ ਉਸਦੇ ਅਗਾਂਹਵਧੂ ਦੋਸਤਾਂ ਸੁਰੇਸ਼ ਬਿੱਟੂ, ਕੁਲਦੀਪ ਦੀਪਾ ਤੇ ਦਲਜੀਤ ਢੰਡਾ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ । ਇਸ ਮੌਕੇ ਬੋਲਦਿਆਂ ਗਾਇਕ ਧਰਮਿੰਦਰ ਮਸਾਣੀ ਨੇ ਕਿਹਾ ਕਿ ਉਨਾਂ ਦੀ ਇਹ ਯੂ. ਕੇ ਫੇਰੀ ਦੌਰਾਨ ਪੰਜਾਬ ਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਦਰਸ਼ਕਾਂ ਨੇ ਮੈਨੂੰ ਪੂਰੇ ਮਾਣ, ਸਤਿਕਾਰ ਤੇ ਪਿਆਰ ਨਾਲ ਨਿਵਾਜਿਆ ਹੈ ।



# ਸੁਪਰ ਸਿੱਖਸ ਸਿਡਨੀ ਨੇ ਆਪਣੀ ਖੇਡ ਪ੍ਰਾਪਤੀਆਂ ਵਾਲੀ ਮਨਾਈ 15ਵੀਂ ਵਰ੍ਹੇਗੰਢ

## 2032 ਓਲੰਪਿਕ ਖੇਡਾਂ ਚ ਸਿੱਖ ਖਿਡਾਰੀ ਕਰਨਗੇ ਆਸਟਰੇਲੀਆ ਟੀਮਾਂ ਦੀ ਪ੍ਰਤੀਨਿਧਤਾ







**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਆਸਟਰੇਲੀਆ ਦੇ ਵਿੱਚ ਸਿੱਖ ਕਮਿਊਨਿਟੀ ਨੇ ਜਿੱਥੇ ਵੱਖ-ਵੱਖ ਖੇਤਰਾਂ ਵਿੱਚ ਆਪਣੀ ਵਿਲੱਖਣ ਪਹਿਚਾਣ ਬਣਾਈ ਹੈ, ਉਥੇ ਖੇਡਾਂ ਦੇ ਵਿੱਚ ਵੀ ਪੰਜਾਬੀਆਂ ਖਾਸ ਕਰਕੇ ਸਿੱਖਾਂ ਦੀ ਦਿਨੋ-ਦਿਨ ਵੱਖਰੀ ਪਹਿਚਾਣ ਬਣ ਰਹੀ ਹੈ।

ਹੁਣ ਉਹ ਦਿਨ ਦੂਰ ਨਹੀਂ ਜਦੋਂ ਆਸਟਰੇਲੀਆ ਦੀਆਂ ਕੌਮੀ ਪੱਧਰ ਦੀਆਂ ਵੱਖ-ਵੱਖ ਖੇਡਾਂ ਨਾਲ ਸੰਬੰਧਿਤ ਟੀਮਾਂ ਵਿੱਚ ਸਾਡੇ ਸਿੱਖ ਖਿਡਾਰੀ ਵੀ ਖੇਡਿਆ ਕਰਨਗੇ। ਕੌਮੀ ਟੀਮਾਂ ਵਿੱਚ ਕ੍ਰਿਕਟ ਦੇ ਵਿੱਚ ਤਾਂ ਪੰਜਾਬ ਦੇ ਜਾਇਆਂ ਨੇ ਖੇਡਣ ਦੀ ਪਿਰਤ ਪਾ ਦਿੱਤੀ ਹੈ , ਜਦਕਿ ਬਾਕੀ ਟੀਮਾਂ ਵਿੱਚ ਅਜੇ ਸਮੇਂ ਦਾ ਇੰਤਜ਼ਾਰ ਹੈ।

ਸਿਡਨੀ ਵਿਖੇ ਸੁਪਰ ਸਿੱਖਸ ਨਾਮ ਦੀ ਸੰਸਥਾ ਜੋ 15 ਸਾਲ ਪਹਿਲਾਂ 2010 ਵਿੱਚ ਹੋਂਦ ਵਿੱਚ ਆਈ ਸੀ। ਜਿਸਨੇ ਵਾਲੀਵਾਲ, ਬਾਸਕਟਬ-ਾਲ, ਕ੍ਰਿਕਟ ਖੇਡ ਨਾਲ ਆਪਣੀ ਸ਼ੁਰੂਆਤ ਕੀਤੀ । ਇਸ ਵਕਤ ਫੁੱਟਬਾਲ ਦੇ ਵਿੱਚ ਵੀ ਸੁਪਰ ਸਿੱਖਸ ਦਾ ਵਡਮੁੱਲਾ ਯੋਗਦਾਨ ਹੈ। ਸੁਪਰ ਸਿੱਖਸ ਦੇ ਮੁਖੀ ਬਲਰਾਜ ਸਿੰਘ ਉਗਰਾ ਨਾਲ ਮੈਂ ਪਿਛਲੀ ਵਾਰ 2019 ਦੇ ਵਿੱਚ ਵਾਰਤਾਲਾਪ ਕੀਤੀ ਸੀ। ਇਸ ਵਾਰ ਸਾਡਾ ਅਚਨਚੇਤ ਸਿਡਨੀ ਹਰਬਲ ਬ੍ਰਿਜ ਤੇ ਮੇਲ ਹੋਇਆ । ਉਹਨਾਂ ਨੇ ਆਪਣੀ ਸੰਸਥਾ ਸੁਪਰ ਸਿੱਖਸ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਜਿਸ ਨੂੰ ਦੇਖ ਕੇ ਸਹਿਜੇ ਹੀ ਅੰਦਾਜ਼ਾ ਲੱਗਦਾ ਸੀ ਕਿ ਇਸ ਸੰਸਥਾ ਨੇ ਆਸਟਰੇਲੀਆ ਵਿਖੇ ਹੋਣ ਵਾਲੀਆਂ 2032 ਬ੍ਰਿਸਬੈਨ ਓਲੰਪਿਕ ਖੇਡਾਂ ਦੀ ਤਿਆਰੀ ਲਈ ਆਪਣੀ ਨੀਂਹ ਰੱਖ ਦਿੱਤੀ ਹੈ ਅਤੇ ਯਕੀਨਨ 2032 ਦੀਆਂ ਉਲੰਪਿਕ ਖੇਡਾਂ ਵਿੱਚ ਸਿੱਖ ਖ਼ਿਡਾਰੀ ਆਸਟ੍ਰੇਲੀਆਈ ਟੀਮਾਂ ਵੱਖ-ਵੱਖ ਟੀਮਾਂ ਵਿੱਚ ਨੁਮਾਇੰਦਗੀ ਕਰਨਗੇ । 2025 ਦੇ ਅਪ੍ਰੈਲ ਮਹੀਨੇ ਤੀਜੇ ਹਫਤੇ ਹੋਈਆਂ 37ਵੀਆਂ ਆਸਟਰੇਲੀਆ ਸਿੱਖ ਖੇਡਾਂ ਵਿੱਚ ਸੁਪਰ ਸਿੱਖਸ ਦੇ ਖਿਡਾਰੀਆਂ ਨੇ ਬਸਕਟਬਾਲ ਲੜਕੀਆਂ ਵਿੱਚ ਡਿਵੀਜ਼ਨ ਨੰਬਰ 1 ਅਤੇ ਡਿਵੀਜ਼ਨ ਨੰਬਰ 2 ਵਿੱਚ ਚੈਂਪੀਅਨ, ਅੰਡਰ 16 ਮੁੰਡਿਆਂ ਵਿੱਚ ਵੀ ਚੈਂਪੀਅਨ ਅਤੇ ਅੰਡਰ 12 ਸਾਲ ਕੁੜੀਆਂ ਵਿੱਚ ਵੀ ਚੈਂਪੀਅਨ ਬਣਨ ਦਾ ਮਾਣ ਹਾਸਿਲ ਕੀਤਾ । ਇਸ ਤੋਂ ਇਲ-ਾਵਾ ਵਾਲੀਬਾਲ ਓਪਨ ਵਿੱਚ ਲੜਕੀਆਂ ਦੇ ਵਰਗ ਵਿੱਚ ਚੈਂਪੀਅਨ ਅਤੇ ਮੁੰਡਿਆਂ ਦੇ ਵਰਗ ਵਿੱਚ ਤੀਸਰਾ ਸਥਾਨ ਹਾਸਿਲ ਕੀਤਾ। ਪਾਵਰ ਲਿਫਟਿੰਗ ਵਿੱਚ



ਮਹਿਮਾ ਬੇਦੀ ਨੇ 63 ਕਿਲੋਗ੍ਰਾਮ ਵਰਗ ਵਿੱਚ ਸੋਨ ਤਗਮਾ ਜਿੱਤਣ ਦਾ ਮਾਣ ਹਾਜ਼ਰ ਕੀਤਾ । ਸਿੱਖ ਖੇਡਾਂ 2025 ਵਿੱਚ ਸੁਪਰ ਸਿੱਖਸ ਦੀ ਇਹ ਇੱਕ ਵਡਮੁੱਲੀ ਪ੍ਰਾਪਤੀ ਹੈ। ਆਸਟਰੇਲੀਆ ਦੀਆਂ ਦੂਸਰੀਆਂ ਸਟੇਟਾਂ ਵਿੱਚ ਵੀ ਕਈ ਸਿੱਖਾਂ ਨਾਲ ਸੰਬੰਧਿਤ ਖੇਡ ਸੰਸਥਾਵਾਂ ਖੇਡਾਂ ਦੀ ਬਿਹਤਰੀ ਤੇ ਆਪਣੇ ਖਿਡਾਰੀਆਂ ਦਾ ਮੁਕਾਮ ਉੱਚਾ ਚੁੱਕਣ ਲਈ ਉਪਰਾਲੇ ਕਰ ਰਹੀਆਂ ਹਨ। ਜੋ ਇੱਕ ਵਧਾਈ ਦੀਆਂ ਪਾਤਰ ਹਨ। ਪ੍ਰਮਾਤਮਾ ਕਰੇ ਸੁਪਰ ਸਿੱਖਸ ਦੇ ਆਰੰਭੇ ਉਪਰਾਲਿਆਂ ਨੂੰ ਬੂਰ ਪਾਵੇ ਅਤੇ 2032 ਦੀਆਂ ਓਲੰਪਿਕ ਖੇਡਾਂ ਵਿੱਚ ਸਿੱਖਾਂ ਦੇ ਮਾਣ ਨੂੰ ਪੂਰੀ ਦੁਨੀਆ ਵਿੱਚ ਵਧਾਵੇ , ਰੱਬ ਰਾਖਾ !

# ਡਾਕਟਰ ਬੀ.ਆਰ.ਅੰਬੇਦਕਰ ਜੀ ਦੇ ਜਨਮ-ਦਿਵਸ ਨੂੰ ਸਮਰਪਿਤ ਸਮਾਗਮ 3 ਮਈ ਨੂੰ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਡਾਕਟਰ ਬੀ. ਆਰ.ਅੰਬੇਦਕਰ ਯੂਥ ਵੈਲਫੇਅਰ ਐਂਡ ਸਪੋਰਟਸ ਸੁਸਾਇਟੀ ਮੁਹੱਲਾ ਕਾਰਾਬਾਰਾ, ਅਰਜਨ ਨਗਰ, ਲੁਧਿਆਣਾ ਵਿਖੇ 3 ਮਈ ਦਿਨ ਸ਼ਨੀਵਾਰ ਸ਼ਾਮ ਨੂੰ ਸ਼ਾਮ 7 ਵਜੇ ਤੋਂ ਲੈ ਕੇ 11 ਵਜੇ ਤੱਕ ਵਿਸ਼ਾਲ ਸਮਾਗਮ । ਸਮਾਗਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਸ਼੍ਰੀ ਬਲਜੀਤ ਕੁਮਾਰ, ਸ਼੍ਰੀ ਵਿਜੇ ਝੱਲੀ, ਨਰੇਸ਼ ਕੁਮਾਰ, ਪਾਰਸ ਰਾਮ, ਕਪਿਲ ਕੁਮਾਰ ਨੇ ਦੱਸਿਆ ਕਿ ਡਾਕਟਰ ਬੀ.ਆਰ.ਅੰਬੇਦਕਰ ਸਾਹਿਬ ਜੀ ਦੇ 134ਵੇਂ ਜਨਮ-ਦਿਵਸ ਨੂੰ ਸਮਰਪਿਤ ਇਹ ਸਮਾਗਮ ਕਰਵਾਇਆ ਜਾ ਰਿਹਾ ਹੈ। ਸਮਾਗਮ ਦਾ ਸੱਦਾ ਪੱਤਰ ਅੱਜ ਆਮ ਆਦਮੀ ਪਾਰਟੀ ਦੇ ਅਤੇ ਵਾਲਮੀਕ ਸਮਾਜ ਦੇ ਆਗੂ ਸ਼੍ਰੀ ਵਿਜੇ



ਦਾਨਵ, ਸ਼੍ਰੀ ਕਨੌਂਜ ਦਾਨਵ, ਮਾਰਕੀਟ ਕਮੇਟੀ ਦੇ ਚੇਅਰਮੈਨ ਗੁਰਜੀਤ ਸਿੰਘ ਗਿੱਲ ਨੂੰ ਦਿੱਤਾ ਗਿਆ ਅਤੇ ਬਲਜੀਤ ਕੁਮਾਰ, ਵਿਜੇ ਝੱਲੀ, ਨਰੇਸ਼ ਕੁਮਾਰ, ਪਾਰਸ ਰਾਮ, ਕਪਿਲ ਕੁਮਾਰ,



ਮਨਪ੍ਰੀਤ ਸਿੰਘ ਆਦਿ ਨੇ ਸਮੂਹ ਸੰਗਤਾਂ ਅਪੀਲ ਕੀਤੀ ਹੈ ਕਿ ਉਹ ਡਾਕਟਰ ਬੀ.ਆਰ.ਅੰਬੇਦਕਰ ਸਾਹਿਬ ਦੇ ਜਨਮ-ਦਿਨ ਸਮਾਗਮ ਵਿੱਚ ਵੱਧ ਤੋਂ ਵੱਧ ਹਾਜ਼ਰ ਹੋ ਕੇ ਵੱਡੀ ਪੱਧਰ ਤੇ ਮਨਾਉਣ।

# ਖੇੜੀ ਝਮੇੜੀ ਸਕੂਲ ਵਿਖੇ ਬਾਲ ਭਲਾਈ ਵਿਭਾਗ ਵੱਲੋਂ ਸਮਾਗਮ

**ਲੁਧਿਆਣਾ( ਕਰਨੈਲ ਸਿੰਘ ਐੱਮ.ਏ.)** ਸਰਕਾਰੀ ਹਾਈ ਸਕੂਲ ਖੇੜੀ ਝਮੇੜੀ ਵਿਖੇ ਬਾਲ ਭਲਾਈ ਵਿਭਾਗ ਲੁਧਿਆਣਾ ਵੱਲੋਂ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ। ਵਿਭਾਗ ਵੱਲੋਂ ਸ਼੍ਰੀਮਤੀ ਰਿਤੂ ਸੂਦ ਫੀਲਡ ਅਫ਼ਸਰ, ਸ਼੍ਰੀਮਤੀ ਕਿਰਨਦੀਪ ਕੌਰ ਸੁਪਰਵਾਈਜ਼ਰ ਵੱਲੋਂ ਬੱਚਿਆਂ ਦੇ ਅਧਿਕਾਰਾਂ, ਗੁਡ ਟੱਚ ਬੈਡ ਟੱਚ, ਬਾਲ ਮਜ਼ਦੂਰੀ , ਬਾਲ ਵਿਆਹ, ਪੋਕਸੋ ਐਕਟ, ਬੱਚਿਆਂ ਨੂੰ ਗੋਦ ਲੈਣਾ, spon-sersihp scheme, ਬਾਲ ਘਰ, ਬਾਲ ਸਹਾਇਤਾ ਨੰਬਰ 1098, ਅਨਾਥ



ਬੱਚਿਆਂ ਲਈ ਸਕੀਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਸਕੂਲ ਦੇ ਮੁੱਖ ਅਧਿਆਪਕ ਸ੍ਰ: ਗੁਰਦਰਸ਼ਨ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਉਹਨਾਂ ਨੂੰ ਸਕੂਲ ਦਾ ਬਾਲ ਰਸਾਲਾ ਭੇਟ ਕੀਤਾ। ਕਰਮਜੀਤ ਸਿੰਘ ਗਰੇਵਾਲ ਨੈਸ਼ਨਲ ਅਵਾਰਡੀ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਆਪਣੇ ਅਧਿਕਾਰਾਂ, ਹੱਕਾਂ ਤੇ ਕਰਤੱਵਾਂ ਬਾਰੇ ਜਾਣਕਾਰੀ ਬਹੁਤ ਜ਼ਰੂਰੀ ਹੈ। ਸ਼੍ਰੀਮਤੀ ਸਰਿਤਾ ਗੁਪਤਾ ਅਤੇ ਸ਼੍ਰੀਮਤੀ ਸੁਪਰੀਤ ਸ਼ਰਮਾ ਨੇ ਵਿਦਿਆਰਥੀਆਂ ਨਾਲ਼ ਇਸ ਵਿਸ਼ੇ ਬਾਰੇ ਵਿਚਾਰ ਸਾਂਝੇ ਕੀਤੇ। ਵਿਦਿਆਰਥੀਆਂ ਦੇ ਲਈ ਇਹ ਸਮਾਗਮ ਬੇਹੱਦ ਲਾਹੇਵੰਦ ਰਿਹਾ।

# ਤਰਕਸ਼ੀਲ ਸੁਸਾਇਟੀ ਵਲੋਂ ਸੱਤਵੀਂ ਵਿਦਿਆਰਥੀ ਚੇਤਨਾ ਪ੍ਰੀਖਿਆ 31 ਅਗਸਤ ਨੂੰ

**● ਦੂਜਾ ਸੂਬਾਈ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ 7 ਤੋਂ 9 ਜੂਨ ਤੱਕ ● ਪਹਿਲਗਾਮ ਘਟਨਾ ਫਿਰਕੂ ਤਾਕਤਾਂ ਦੀ ਇਕ ਗਿਣੀ ਮਿੱਥੀ ਸਾਜਿਸ਼**

**ਸੰਗਰੂਰ ।** ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਸੁਸਾਇਟੀ ਦੇ ਮੁੱਖ ਦਫਤਰ ਤਰਕਸ਼ੀਲ ਭਵਨ ਵਿਖੇ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਤੇ ਤਰਕਸ਼ੀਲ ਸਾਹਿਤ ਵੈਨ ਦਾ ਪ੍ਰੋਗਰਾਮ ਉਲੀਕਣ ਤੋਂ ਇਲਾਵਾ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ ਲਗਾਉਣ , ਤਰਕਸ਼ੀਲ ਮੈਗਜ਼ੀਨ ਦੀ ਗਿਣਤੀ ਵਧਾਉਣ,ਅੰਧ ਵਿਸ਼ਵਾਸ਼ ਰੋਕੂ ਕਾਨੂੰਨ ਪਾਸ ਕਰਵਾਉਣ ਅਤੇ ਪਰਿਵਾਰਕ ਮਿਲਣੀਆਂ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।

ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ,ਰਾਜੇਸ਼ ਅਕਲੀਆ,ਰਾਜਪਾਲ ਬਠਿੰਡਾ, ਗੁਰਪ੍ਰੀਤ ਸ਼ਹਿਣਾ ਅਤੇ ਸੁਮੀਤ ਅੰਮ੍ਰਿਤਸਰ ਨੇ ਦੱਸਿਆ ਕਿ 29 ਅਤੇ 31 ਅਗਸਤ ਨੂੰ ਪੰਜਾਬ ਪੱਧਰ ਤੇ ਹੋਣ ਵਾਲੀ ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਲਈ ਮਿਡਲ ਅਤੇ ਸੈਕੰਡਰੀ ਗਰੁੱਪਾਂ ਦੇ ਵਿਦਿਆਰਥੀਆਂ ਨੂੰ ਗਰਮੀਆਂ ਦੀਆਂ ਛੁੱਟੀਆਂ ਤੋਂ ਪਹਿਲਾਂ ਕਿਤਾਬਾਂ ਪਹੁੰਚਾਉਣ ਦਾ ਕਾਰਜ ਮੁਕੰਮਲ ਕਰ ਲਿਆ ਜਾਵੇਗਾ। ਇਸਦੇ ਇਲਾਵਾ 7 ਤੋਂ 9 ਜੂਨ ਤੱਕ ਸੂਬਾਈ ਪੱਧਰ ਤੇ ਦੂਜਾ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ ਤਰਕਸ਼ੀਲ ਭਵਨ ਬਰਨਾਲਾ



ਵਿਖੇ ਲਾਇਆ ਜਾਵੇਗਾ। ਇਸ ਮੌਕੇ ਸੂਬਾ ਕਮੇਟੀ ਆਗੂਆਂ ਰਾਮ ਸਵਰਨ ਲੱਖੇਵਾਲੀ, ਜੋਗਿੰਦਰ ਕੁੱਲੇਵਾਲ,ਜਸਵਿੰਦਰ ਫਗਵਾੜਾ, ਸੁਖਵਿੰਦਰ ਬਾਗਪੁਰ, ਸੁਰਜੀਤ ਟਿੱਬਾ,ਮੋਹਨ ਬਡਲਾ ਅਤੇ ਕੁਲਜੀਤ ਡੰਗਰਖੇੜਾ ਨੇ ਦੱਸਿਆ ਕਿ ਮੀਟਿੰਗ ਵਿੱਚ ਇਕਾਈ ਪੱਧਰ ਤੇ ਜੱਥੇਬੰਦਕ ਵਿਚਾਰਧਾਰਕ ਪਰਪੱਕਤਾ ਦੀਆਂ ਸਿਖਲਾਈ ਵਰਕਸ਼ਾਪਾਂ ਅਤੇ ਲੋਕ ਪੱਖੀ ਸੱਭਿਆਚਾਰਕ ਬਦਲ ਪੇਸ਼ ਕਰਨ ਸਬੰਧੀ ਪਰਿਵਾਰਕ ਮਿਲਣੀਆਂ ਤੇ ਸੈਮੀਨਾਰ ਕਰਨ ਅਤੇ ਪੰਜਾਬ ਵਿੱਚ ਅੰਧ ਵਿਸ਼ਵਾਸ਼ ਰੋਕੂ ਕਾਨੂੰਨ ਬਣਾਉਣ ਬਾਰੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੂੰ ਮਿਲ ਕੇ ਮੰਗ ਪੱਤਰ ਦੇਣ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਜੋਨ ਆਗੂਆਂ ਜਸਵੰਤ ਜੀਰਖ ਲੁਧਿਆਣਾ, ਸੰਦੀਪ ਧਾਰੀਵਾਲ ਭੋਜਾਂ,ਮਾਸਟਰ ਜਗਦੀਸ਼ ਰਾਏਪੁਰ ਡਿੱਬਾ ਨਵਾਂ ਸ਼ਹਿਰ , ਸੁਖਦੇਵ ਫਗਵਾੜਾ ਜਲੰਧਰ, ਅਜੀਤ ਪ੍ਰਦੇਸੀ ਚੰਡੀਗੜ੍ਹ ,ਬਲਰਾਜ ਮੌੜ ਬਠਿੰਡਾ, ਪ੍ਰਵੀਨ ਜੰਡਵਾਲਾ, ਅੰਮ੍ਰਿਤ ਰਿਸ਼ੀ ਮਾਨਸਾ, ਰਾਮ ਕੁਮਾਰ ਪਟਿਆਲਾ,ਮੈਡਮ ਕੁਲਵੰਤ ਕੌਰ ਪਟਿਆਲਾ ਅਤੇ ਅਵਤਾਰ ਬਰਨਾਲਾ ਵੱਲੋਂ ਸਮਾਜ ਵਿੱਚ ਅੰਧ ਵਿਸ਼ਵਾਸ਼, ਬਾਬਾਵਾਦ ਅਤੇ ਧਾਰਮਿਕ ਕੱਟੜਵਾਦ ਦੇ ਖਿਲਾਫ ਵਿਗਿਆਨਕ ਚੇਤਨਾ ਦੀ ਮੁਹਿੰਮ ਨੂੰ ਹੋਰ ਤੇਜ਼ ਕਰਨ ਲਈ ਤਰਕਸ਼ੀਲ ਮੈਗਜ਼ੀਨ ਦੇ ਪਾਠਕਾਂ ਦੀ ਗਿਣਤੀ ਵਧਾਉਣ ਅਤੇ ਤਰਕਸ਼ੀਲ ਸਾਹਿਤ ਵੈਨ ਨੂੰ ਪੰਜਾਬ ਦੇ ਸਾਰੇ ਵਿਦਿਅਕ ਅਦਾਰਿਆਂ,ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਨਿਰਧਾਰਤ ਰੂਟ ਅਨੁਸਾਰ ਪ੍ਰਦਰਸ਼ਿਤ ਕਰਨ ਦਾ ਪ੍ਰੋਗਰਾਮ ਵੀ ਉਲੀਕਿਆ ਗਿਆ। ਮੀਟਿੰਗ ਵਿੱਚ ਪਾਸ ਕੀਤੇ ਇਕ ਮਤੇ ਰਾਹੀਂ ਪਹਿਲਗਾਮ ਦੀ ਦਹਿਸ਼ਤੀ ਘਟਨਾ ਨੂੰ ਕਸ਼ਮੀਰ ਦੇ ਲੋਕਾਂ ਦੀ ਆਰਥਿਕਤਾ ਤੇ ਅਮਨ ਸ਼ਾਂਤੀ ਦੇ ਮਾਹੌਲ ਨੂੰ ਬਰਬਾਦ ਕਰਨ ਅਤੇ ਦੇਸ਼ ਵਿੱਚ ਵੱਡੀ ਪੱਧਰ ਤੇ ਹਿੰਦੂ ਮੁਸਲਿਮ ਫਿਰਕੂ ਦੰਗੇ ਕਰਵਾਉਣ ਦੀ ਫਿਰਕੂ ਤਾਕਤਾਂ ਦੀ ਇਕ ਗਿਣੀ ਮਿੱਥੀ ਸਿਆਸੀ ਸਾਜਿਸ਼ ਕਰਾਰ ਦਿੰਦੇ ਹੋਏ ਇਸਦੀ ਕੌਮਾਂਤਰੀ ਨਿਆਂ ਅਦਾਲਤ ਤੋਂ ਨਿਰਪੱਖ ਜਾਂਚ ਕਰਵਾਉਣ ਦੀ ਮੰਗ ਕੀਤੀ ਗਈ।

**ਸੁਮੀਤ ਅੰਮ੍ਰਿਤਸਰ**
**(ਸੂਬਾਈ ਮੀਡੀਆ ਮੁਖੀ)**
**ਤਰਕਸ਼ੀਲ ਸੁਸਾਇਟੀ ਪੰਜਾਬ**
**7696030173**

# ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਕਰੇਗਾ ਮਨਰੇਗਾ ਮਜ਼ਦੂਰਾਂ ਦੀ ਲਾਭਪਾਤਰੀਆਂ ਵਜੋਂ ਰਜਿਸਟ੍ਰੇਸ਼ਨ

**'ਉਸਾਰੀ ਕਿਰਤੀ ਆਨਲਾਈਨ ਪੋਰਟਲ' ਅਤੇ 'ਪੰਜਾਬ ਕਿਰਤੀ ਸਹਾਇਕ ਐਪ' ਨੂੰ ਸੁਚੱਜੇ ਢੰਗ ਨਾਲ ਚਲਾਇਆ ਜਾਵੇ – ਬਲਦੇਵ ਭਾਰਤੀ**

**ਨਵਾਂਸ਼ਹਿਰ/ਰਾਹੋਂ (ਸਤਨਾਮ ਸਿੰਘ ਸਹੂੰਗੜਾ)** ਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਐੱਨ ਐੱਲ ਓ) ਦੇ ਕਨਵੀਨਰ ਬਲਦੇਵ ਭਾਰਤੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਸੰਯੁਕਤ ਵਿਕਾਸ ਕਮਿਸ਼ਨਰ-ਕਮ-ਕਮਿਸ਼ਨਰ ਮਨਰੇਗਾ ਵੱਲੋਂ ਸਮੂਹ ਵਧੀਕ ਡਿਪਟੀ ਕਮਿਸ਼ਨਰਜ਼ (ਆਰ.ਡੀ.)-ਕਮ-ਜ਼ਿਲ੍ਹਾ ਪ੍ਰੋਗਰਾਮ ਕੋਆਰਡੀਨੇਟਰਜ਼ ਮਨਰੇਗਾ ਨੂੰ ਪੱਤਰ ਮੀਮੋ ਨੰ: 01/101/2025/ਨਰੇਗਾ/2110-21320 ਮਿਤੀ 16/04/2025 ਰਾਹੀਂ ਯੋਗ ਮਨਰੇਗਾ ਮਜ਼ਦੂਰਾਂ ਦੀ ਪੰਜਾਬ ਬਿਲਡਿੰਗ ਐਂਡ ਅੰਦਰ ਕੰਸਟ੍ਰਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਦੇ ਲਾਭਪਾਤਰੀਆਂ ਵਜੋਂ ਰਜਿਸਟ੍ਰੇਸ਼ਨ ਕਰਨ ਲਈ ਆਦੇਸ਼ ਦਿੱਤੇ ਗਏ ਹਨ। ਇਸ ਸਬੰਧੀ ਜ਼ਿਲ੍ਹਾ ਨੋਡਲ ਅਫ਼ਸਰਾਂ ਮਨਰੇਗਾ ਅਤੇ ਸਹਾਇਕ ਪ੍ਰੋਗਰਾਮ ਅਫ਼ਸਰਾਂ



ਮਨਰੇਗਾ ਨੂੰ ਆਨਲਾਈਨ ਟ੍ਰੇਨਿੰਗ ਵੀ ਦਿੱਤੀ ਗਈ ਹੈ ਅਤੇ ਗ੍ਰਾਮ ਰੋਜ਼ਗਾਰ ਸਹਾਇਕਾਂ ਨੂੰ 'ਪੰਜਾਬ ਕਿਰਤੀ ਸਹਾਇਕ ਐਪ' ਰਾਹੀਂ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਦੱਸਿਆ ਕਿ ਵਿਭਾਗ ਵਲੋਂ ਪੰਜਾਬ ਭਰ ਵਿੱਚ ਵਿੱਤੀ ਸਾਲ 2024-25 ਦੌਰਾਨ 100 ਦਿਨ ਦਾ ਰੋਜ਼ਗਾਰ ਪ੍ਰਾਪਤ ਕਰ ਚੁੱਕੇ 47,989 ਮਨਰੇਗਾ ਮਜ਼ਦੂਰਾਂ ਦੀ ਸੂਚੀ ਵੀ ਯੋਗ ਮਜ਼ਦੂਰਾਂ ਨੂੰ ਉਸਾਰੀ ਕਿਰਤੀ ਲਾਭਪਾਤਰੀ ਵਜੋਂ ਰਜਿਸਟ੍ਰਡ ਕਰਨ ਲਈ ਵੱਖ ਵੱਖ ਜ਼ਿਲ੍ਹਿਆਂ ਨੂੰ ਭੇਜੀ ਗਈ ਹੈ।ਇਸ ਸਬੰਧੀ ਟਿੱਪਣੀ ਕਰਦਿਆਂ ਬਲਦੇਵ ਭਾਰਤੀ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਉਪਰਾਲਾ ਸ਼ਲਾਘਾਯੋਗ ਕਿਹਾ ਜਾ ਸਕਦਾ ਹੈ ਪਰ ਜ਼ਮੀਨੀ ਪੱਧਰ ਤੇ ਇਹ ਕਾਰਜ਼ ਮੁਲਾਜ਼ਮਾਂ ਅਤੇ ਮਜ਼ਦੂਰਾਂ ਲਈ ਆਸਾਨ ਨਹੀਂ ਹੈ। ਕਿਉਂਕਿ 'ਪੰਜਾਬ ਕਿਰਤੀ ਸਹਾਇਕ ਐਪ' ਭਰੋਸੇਯੋਗ ਨਹੀਂ ਹੈ। ਇਸ ਐਪ ਰਾਹੀਂ ਰਜਿਸਟ੍ਰੇਸ਼ਨ ਅਤੇ ਭਲਾਈ ਸਕੀਮਾਂ ਅਪਲਾਈ ਕਰਨ ਦਾ ਕੰਮ ਮੁਕੰਮਲ ਤੌਰ ਤੇ ਨਹੀਂ ਹੋ ਰਿਹਾ। ਉਨ੍ਹਾਂ ਪੁਰਜ਼ੋਰ ਮੰਗ ਕੀਤੀ ਕਿ ਪੰਜਾਬ ਸਰਕਾਰ ਸੁਵਿਧਾ ਕੇਂਦਰਾਂ ਵਿੱਚ ਉਸਾਰੀ ਕਿਰਤੀ ਰਜਿਸਟ੍ਰੇਸ਼ਨ ਅਤੇ ਭਲਾਈ ਸਕੀਮਾਂ ਅਪਲਾਈ ਕਰਨ ਲਈ ਆਨ-ਲਾਈਨ ਵਿਵਸਥਾ ਜਿਸਦੀ ਵੈਬਸਾਈਟ ਜੋ ਕਿ ਸਰਵਰ ਡਾਊਨ ਹੋਣ ਕਾਰਨ ਜ਼ਿਆਦਾ ਸਮਾਂ ਬੰਦ ਰਹਿੰਦੀ ਹੈ ਦੇ ਪੋਰਟਲ ਅਤੇ 'ਪੰਜਾਬ ਕਿਰਤੀ ਸਹਾਇਕ ਐਪ' ਨੂੰ ਸੁਚੱਜੇ ਢੰਗ ਨਾਲ ਚਲਾਉਣ ਦਾ ਉਪਰਾਲਾ ਕਰੇ ਤਾਂ ਜੋ ਮੁਲਾਜ਼ਮਾਂ ਅਤੇ ਮਜ਼ਦੂਰਾਂ ਨੂੰ ਖੱਜਲ ਖ਼ੁਆਰੀ ਤੋਂ ਰਾਹਤ ਮਿਲ ਸਕੇ।

# ਖੇਡ ਵਿਭਾਗ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਲਗਾਇਆ ਜਾਗਰੂਕਤਾ ਕੈਂਪ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ਅੰਕੁਰਜੀਤ ਸਿੰਘ ਦੇ ਦਿਸ਼ਾ- ਨਿਰਦੇਸ਼ਾਂ ਅਤੇ ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਚੌਹਾਨ ਦੀਆਂ ਹਦਾਇਤਾਂ ਅਨੁਸਾਰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਖੇਡ ਸੈਂਟਰ ਐਸ.ਐਨ ਕਾਲਜ ਬੰਗਾ ਵਿਖੇ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਜਾਗਰੂਕਤਾ ਕੈਂਪ ਤਹਿਤ ਨੌਜਵਾਨਾਂ ਨੂੰ ਗਰਾਊਂਡਾਂ ਨਾਲ ਜੋੜਨ ਅਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਮਲਕੀਤ ਸਿੰਘ ਅਥਲੈਟਿਕਸ ਕੋਚ ਦੀ ਅਗਵਾਈ ਹੇਠ ਇਕ ਅਥਲੈਟਿਕਸ ਰਿਲੇਅ ਰੇਸ ਅਤੇ ਕਬੱਡੀ ਦਾ ਸ਼ੋਅ ਮੈਚ ਕਰਵਾਇਆ ਗਿਆ, ਜਿਨ੍ਹਾਂ ਵਿਚ ਨੌਜਵਾਨਾਂ ਵੱਲੋਂ ਵੱਧ-ਚੜ੍ਹ ਕੇ ਹਿੱਸਾ ਲਿਆ ਗਿਆ। ਇਸ ਦੌਰਾਨ ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਚੋਹਾਨ ਨੇ ਕਿਹਾ ਕਿ ਖੇਡ




ਵਿਭਾਗ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਹਰ ਸੰਭਵ ਯਤਨ ਕਰੇਗਾ ਅਤੇ ਨਸ਼ਿਆਂ ਖ਼ਿਲਾਫ਼ ਅਜਿਹੇ ਜਾਗਰੂਕਤਾ ਕੈਂਪ ਲਗਾਉਂਦਾ ਰਹੇਗਾ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਾ ਨਸ਼ਾ ਮੁਕਤ ਹੋਵੇਗਾ ਅਤੇ ਸਾਡੇ ਸ਼ਹੀਦਾਂ ਦੇ ਸੁਪਨੇ ਸਾਕਾਰ ਹੋਣਗੇ। ਇਸ ਮੌਕੇ ਮਿਸ ਲਵਪ੍ਰੀਤ ਕੌਰ ਅਥਲੈਟਿਕਸ ਕੋਚ, ਗੁਰਜੀਤ ਕੌਰ ਕਬੱਡੀ ਕੋਚ ਅਤੇ ਹੋਰ ਪੰਤਵੰਤੇ ਹਾਜ਼ਰ ਸਨ।

# ਸਿੱਖਿਆ ਦੇ ਖੇਤਰ 'ਚ ਪੰਜਾਬ ਸਰਕਾਰ ਦੇ ਸ਼ਲਾਘਾਯੋਗ ਯਤਨ: ਜੈ ਕ੍ਰਿਸ਼ਨ ਸਿੰਘ ਰੌੜੀ

## ਡਿਪਟੀ ਸਪੀਕਰ ਨੇ 31.98 ਲੱਖ ਰੁਪਏ ਦੀ ਲਾਗਤ ਨਾਲ 5 ਸਰਕਾਰੀ ਸਕੂਲਾਂ 'ਚ ਹੋਏ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ

**ਗੜ੍ਹਸ਼ੰਕਰ/ਹੁਸ਼ਿਆਰਪੁਰ।** ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਖੇਤਰ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ, ਜਿਸ ਨਾਲ ਸਿੱਖਿਆ ਦੀ ਗੁਣਵੱਤਾ ਵਿੱਚ ਭਾਰੀ ਸੁਧਾਰ ਹੋ ਰਿਹਾ ਹੈ। ਇਸ ਦੇ ਨਤੀਜੇ ਵਜੋਂ ਸਰਕਾਰੀ ਸਕੂਲਾਂ ਵਿੱਚ ਦਾਖਲਿਆਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋਇਆ ਹੈ। ਡਿਪਟੀ ਸਪੀਕਰ ਰੌੜੀ ਅੱਜ ਗੜ੍ਹਸ਼ੰਕਰ ਵਿਧਾਨ ਸਭਾ ਹਲਕੇ ਦੇ ਪੰਜ ਸਰਕਾਰੀ ਸਕੂਲਾਂ ਵਿੱਚ 31.98 ਲੱਖ ਰੁਪਏ ਦੀ ਲਾਗਤ ਨਾਲ ਪੂਰੇ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਲਈ ਪਹੁੰਚੇ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਇਹ ਨਿਵੇਸ਼ ਸੂਬੇ ਦੇ ਉੱਜਵਲ ਭਵਿੱਖ ਦੀ ਨੀਂਹ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਪ੍ਰੋਗਰਾਮ ਦੇ ਤਹਿਤ ਉਨ੍ਹਾਂ ਨੇ ਸਰਕਾਰੀ ਪ੍ਰਾਇਮਰੀ ਸਕੂਲ ਪੋਸੀ



ਵਿੱਚ ਨਵੇਂ ਕਲਾਸਰੂਮ, ਸਰਕਾਰੀ ਪ੍ਰਾਇਮਰੀ ਸਕੂਲ ਮਜ਼ਾਰਾ ਡਿੰਗਰੀਆਂ ਵਿੱਚ ਚਾਰਦੀਵਾਰੀ, ਸਰਕਾਰੀ ਮਿਡਲ ਸਕੂਲ ਸਰਹਾਲਾ ਖੁਰਦ ਵਿੱਚ ਹੋਰ ਵਿਕਾਸ ਕਾਰਜ, ਸਰਕਾਰੀ ਪ੍ਰਾਇਮਰੀ ਸਕੂਲ ਗੋਂਦਪੁਰ ਵਿੱਚ ਚਾਰਦੀਵਾਰੀ ਅਤੇ ਸਰਕਾਰੀ ਹਾਈ ਸਕੂਲ ਬਿੰਜੋ ਵਿੱਚ ਚਾਰਦੀਵਾਰੀ ਦੀ ਉਸਾਰੀ ਅਤੇ ਹੋਰ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਡਿਪਟੀ ਸਪੀਕਰ ਨੇ ਪੰਚਾਇਤ ਮੈਂਬਰਾਂ ਅਤੇ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਕੰਮ ਸਾਰਿਆਂ ਦੇ ਸਹਿਯੋਗ ਨਾਲ ਹੀ ਸੰਭਵ ਹੋਇਆ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਵੀ ਸੂਬਾ ਸਰਕਾਰ ਸਿੱਖਿਆ ਖੇਤਰ ਨੂੰ ਹੋਰ ਮਜ਼ਬੂਤ ਕਰਨ ਲਈ ਹਰ ਸੰਭਵ ਸਹਾਇਤਾ ਦਿੰਦੀ ਰਹੇਗੀ। ਇਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਨੇ 'ਸਕੂਲ ਆਫ਼ ਐਮੀਨੈਂਸ' ਵਰਗੇ ਬਿਹਤਰੀਨ ਉਪਰਾਲੇ ਕੀਤੇ ਹਨ, ਜੋ ਸਰਕਾਰੀ ਸਿੱਖਿਆ ਪ੍ਰਣਾਲੀ ਨੂੰ ਇੱਕ ਨਵੀਂ ਦਿਸ਼ਾ ਦੇ ਰਹੇ ਹਨ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾ ਕੇ ਇਸ ਸਿੱਖਿਆ ਕ੍ਰਾਂਤੀ ਦਾ ਹਿੱਸਾ ਬਣਨ। ਇਸ ਮੌਕੇ ਪਿੰਡ ਦੀਆਂ ਪੰਚਾਇਤਾਂ ਦੇ ਨੁਮਾਇੰਦੇ, ਸਿੱਖਿਆ ਵਿਭਾਗ ਦੇ ਅਧਿਕਾਰੀ ਅਤੇ ਸਥਾਨਕ ਨਿਵਾਸੀ ਵੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਬਸਪਾ ਨੂੰ ਪੰਜਾਬ ਦੇ ਲੋਕ ਐਤਕੀਂ ਅਸ਼ੀਰਵਾਦ ਦੇਣ: ਡਾ ਅਵਤਾਰ ਸਿੰਘ ਕਰੀਮਪੁਰੀ

**ਭਦੌੜ( ਚਰਨਜੀਤ ਸੱਲ੍ਹਾ )** ਵਿਧਾਨ ਸਭਾ ਹਲਕਾ ਭਦੌੜ ਕਾਕਾ ਨਵਜੋਤ ਸਿੰਘ ਰਾਣਾ ਜੀ ਦੀ ਯਾਦ ਵਿੱਚ ਉਹਨਾਂ ਦੇ ਪਿਤਾ ਗੁਰਬਖਸ਼ ਸਿੰਘ ਦਰਾਜ ਵਾਈਸ ਪ੍ਰੈਸੀਡੈਂਟ ਬੀਐਸਪੀ ਹਲਕਾ ਭਦੌੜ ਅਤੇ ਉਹਨਾਂ ਦੀ ਮਾਤਾ ਜਸਵਿੰਦਰ ਕੌਰ ਪੰਚਾਇਤ ਮੈਂਬਰ ਵੱਲੋਂ ਆਪਣੇ ਸਪੁੱਤਰ ਦੀ ਯਾਦ ਵਿੱਚ ਡਾਕਟਰ ਅੰਬੇਡਕਰ ਸਾਹਿਬ ਦਾ ਸਟੈਚੂ ਲਗਵਾਇਆ ਗਿਆ ਜਿਸ ਦਾ ਅੱਜ ਉਦਘਾਟਨ ਕੀਤਾ ਗਿਆ ਅਤੇ ਇਸ ਮੌਕੇ ਤੇ ਡਾਕਟਰ ਅੰਬੇਡਕਰ ਜੀ ਦੇ ਜਨਮਦਿਨ ਨੂੰ ਸਮਰਪਿਤ ਪੰਜਾਬ ਸੰਭਾਲੋ ਰੈਲੀ ਕਰਕੇ ਸੰਗਤਾਂ ਨੂੰ ਪੰਜਾਬ ਦੇ ਦਰਦੀਆਂ ਨੂੰ ਬੁੱਧੀਜੀਵੀਆਂ ਨੂੰ ਕਿਰਤੀ ਕਾਮੇ ਕਿਸਾਨ ਵਪਾਰੀ ਠੇਕੇਦਾਰਾਂ ਨੂੰ ਸਭ ਨੂੰ ਬਹੁਜਨ ਸਮਾਜ ਪਾਰਟੀ ਦੇ ਪੰਜਾਬ ਸੰਭਾਲੋ ਮਹਿਮ ਨਾਲ ਜੁੜਨੇ ਦਾ ਸੱਦਾ ਦਿੱਤਾ ਤਾਂ ਕਿ ਪੰਜਾਬ ਵਿੱਚੋਂ ਡਰੱਗ ਮਾਫੀਏ ਨੂੰ ਜੜ ਤੋਂ ਖਤਮ ਕਰਕੇ ਪੰਜਾਬ ਦੀ ਜਵਾਨੀ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਣ ਅਤੇ ਜਵਾਨੀ ਨੂੰ ਸੰਭਾਲਿਆ ਜਾ ਸਕੇ ਮਾਵਾਂ ਦੇ ਪੁੱਤ ਬਚਾਏ ਜਾ ਸਕਣ ਪੰਜਾਬ ਦੀ ਬਰਬਾਦ ਹੋ ਚੁੱਕੀ ਅਮਨ ਕਾਨੂੰਨ ਦੀ ਸਥਿਤੀ ਨੂੰ ਸੰਭਾਲਿਆ ਜਾ ਸਕੇ ਪੰਜਾਬ ਦੀ ਸਰਕਾਰ ਸਿੱਖਿਆ ਕ੍ਰਾਂਤੀ ਦੇ ਫਰੰਟ ਤੇ ਪੂਰਨ ਤੌਰ ਤੇ ਫੇਲ ਹੋ ਗਈ 50% ਤੋਂ ਜਿਆਦਾ ਸਰਕਾਰੀ ਸਕੂਲਾਂ ਚ









ਅਧਿਆਪਕਾਂ ਦੀਆਂ ਪੋਸਟਾਂ ਖਾਲੀ ਨੇ ਜੋ ਕਿ ਸਧਾਰਨ ਪਰਿਵਾਰਾਂ ਦੇ ਬੱਚਿਆਂ ਨੂੰ ਸਕੂਲਾਂ ਵਿੱਚੋਂ ਅਧਿਕਾਰੀ ਨਹੀਂ ਭਿਖਾਰੀ ਬਣਾਉਣ ਦੀ ਨੀਤੀ ਅਮਲ ਵਿੱਚ ਲਿਆਂਦੀ ਜਾ ਰਹੀ ਹੈ ਬਹੁਜਨ ਸਮਾਜ ਪਾਰਟੀ 100% ਖਾਲੀ ਪਈਆਂ ਅਧਿਆਪਕਾਂ ਦੀਆਂ ਪੋਸਟਾਂ ਭਰਨ ਦੀ ਜਿੰਮੇਵਾਰੀ ਲੈ ਕੇ ਚਲੂਗੀ ਅਤੇ ਮੁਫਤ ਤੇ ਲਾਜਮੀ ਸਿੱਖਿਆ ਦਾ ਕਾਨੂੰਨ ਲਾਗੂ ਕਰਾਂਗੇ ਪੰਜਾਬ ਨੂੰ ਕਰਜੇ ਦੇ ਬੋਝ ਥੱਲੇ ਕੱਢਾਂਗੇ ਕਾਮੇ ਕਿਸਾਨ ਬੇਰੁਜ਼ਗਾਰ ਨੌਜਵਾਨ ਕਰਮਚਾਰੀ ਔਰ ਪੰਜਾਬ ਦੇ ਸਾਹਮਣੇ ਪੇਸ਼ ਚੁਨੌਤੀਆਂ ਦਾ ਇਹ ਪੰਜਾਬ ਸੰਭਾਲੋ ਹੱਲ ਕੱਢ ਕੇ ਪੰਜਾਬ ਨੂੰ ਇਸ ਘੋਰ ਅੰਧਕਾਰ ਚੋ ਕੱਢ ਕੇ ਇੱਕ ਮਜਬੂਤ ਸ਼ਕਤੀਸ਼ਾਲੀ ਸੂਬੇ ਦੇ ਤੌਰ ਤੇ ਸਥਾਪਿਤ ਕਰੇਗੀ ਸਮੂਹ ਦਰਦਮੰਦਾਂ ਨੂੰ ਸੱਦਾ ਹੈ ਕਿ ਇਸ ਮਹਿਮ ਨੂੰ ਆਪਣਾ ਆਸ਼ੀਰਵਾਦ ਦਿਓ ਆਪਣੀ ਤਾਕਤ ਦਿਓ ਆਪਣੇ ਔਲਾਦ ਦੇ ਭਵਿੱਖ ਨੂੰ ਸਵਾਰਨ ਲਈ ਇੱਕ ਮੌਕਾ ਬਹੁਜਨ ਸਮਾਜ ਪਾਰਟੀ ਨੂੰ ਦਿਓ ਇਹ ਸ਼ਬਦ ਰੈਲੀ ਨੂੰ ਸੰਬੋਧਨ ਕਰਦਿਆਂ ਡਾ ਅਵਤਾਰ ਸਿੰਘ ਕਰੀਮਪੁਰੀ ਕਹੇਂ। ਇਸ ਮੌਕੇ ਤੇ ਮੱਖਣ ਸਿੰਘ ਜਨਰਲ ਸਕੱਤਰ ਬਸਪਾ ਪੰਜਾਬ ਅਤੇ ਬਾਕੀ ਸਾਰੇ ਪਾਰਟੀ ਦੀ ਟੀਮ ਮੌਜੂਦ ਸੀ।

# ਫੂਲੇ ਫਿਲਮ ਹਰ ਇਕ ਇਨਸਾਨ ਦੇ ਲਈ ਦੇਖਣੀ ਬਹੁਤ ਜ਼ਰੂਰੀ : ਡਾ ਨਛੱਤਰ ਪਾਲ ਐਮ ਐਲ ਏ



**ਨਵਾਂਸ਼ਹਿਰ (ਚਰਨਜੀਤ ਸੱਲ੍ਹਾ )**ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਨਵਾਂ ਸ਼ਹਿਰ ਵਲੋਂ ਰਾਸ਼ਟਰਪਿਤਾ ਜੋਤੀਬਾ ਰਾਓ ਫੂਲੇ ਮਾਤਾ ਸਵਿਤਰੀ ਬਾਈ ਫੂਲੇ ਜੀ ਦੇ ਸੰਘਰਸ਼ ਮਈ ਜੀਵਨ ਤੇ ਅਧਾਰਤ ਫਿਲਮ "ਫੂਲਓ" ਸਤਲੁਜ ਸਿਨੇਮਾ ਨਵਾਂ ਸ਼ਹਿਰ ਵਿਖੇ ਦਿਖਾਈ ਗਈ। ਇਸ ਮੌਕੇ ਗੁਰਮੁਖ ਸਿੰਘ ਨੌਰਥ ਜੀ ਨੂੰ ਨਵਾਂ ਸ਼ਹਿਰ ਨਗਰ ਪਾਲਿਕਾ ਦਾ ਵਾਈਸ ਪ੍ਰਧਾਨ ਬਣਨ ਤੇ ਅਤੇ ਪਿੰਕੀ ਜੱਸਲ ਸਰਪੰਚ ਪਿੰਡ ਕਰੀਹਾ ਜੀ ਨੂੰ ਪਿੰਡ ਵਿੱਚ ਮਾਤਾ ਸਾਵਿਤਰੀ ਬਾਈ ਫੂਲੇ ਜੀ ਦੀ ਪ੍ਰਤਿਮਾ ਲਗਾਉਣ ਕਰਕੇ ਸਨਮਾਨਿਤ ਕੀਤਾ ਗਿਆ। ਇਹ ਫਿਲਮ 28 29 30 ਅਪ੍ਰੈਲ ਤੱਕ



ਦਿਖਾਈ ਜਾਵੇਗੀ ਮੇਰੀ ਸਾਰਿਆਂ ਨੂੰ ਅਪੀਲ ਹੈ ਕਿ ਇਸ ਇਤਿਹਾਸਕ ਫਿਲਮ ਨੂੰ ਜਰੂਰ ਦੇਖਣ ਜੀ। ਇਹ ਸ਼ਬਦ ਡਾ ਨਛੱਤਰ ਪਾਲ ਐਮ ਐਲ ਏ ਹਲਕਾ ਨਵਾਂਸ਼ਹਿਰ ਜੀ ਨੇ ਕੱਲ੍ਹ ਰਾਤ ਫੂਲੇ ਫਿਲਮ ਦੇਖਣ ਤੋਂ ਬਾਅਦ ਕਹੇ ਇਹਨਾਂ ਦੇ ਨਾਲ ਸਰਬਜੀਤ ਸਿੰਘ ਜਾਫਰਪੁਰੀ ਜ਼ਿਲ੍ਹਾ ਪ੍ਰਧਾਨ, ਗੁਰਮੁਖ ਸਿੰਘ ਨੌਰਥ ਐਮ ਸੀ, ਐਡਵੋਕੇਟ ਮੁਕੇਸ਼ ਕੁਮਾਰ ਬਾਲੀ, ਐਡਵੋਕੇਟ ਰਾਜ ਕੁਮਾਰ, ਵਿਜੇ ਕੁਮਾਰ ਮੁਸਾਪੁਰ, ਵਿਜੇ ਕੁਮਾਰ ਕਰੀਹਾ, ਸੁਰਜੀਤ ਸਿੰਘ ਕਰੀਹਾ ਬਹੁਤ ਵੱਡੀ ਗਿਣਤੀ ਵਿੱਚ ਸੰਗਤਾਂ ਵੀ ਹਾਜ਼ਰ ਸਨ।

## ਪੈਸਾ ਬਣ ਗਿਆ ਦੀਨ ਧਰਮ

ਵਿਆਹਾਂ ਦੇ ਵਿੱਚ ਲਾਲਚ ਭਾਰੂ ,
ਤਲਾਕ ਬਣਾ ਲਿਆ ਧੰਦਾ ।
ਧਨ ਦੌਲਤ ਦਿਆਂ ਚੱਕਰਾਂ ਨੇ ,
ਉਲਝਾਅ ਕੇ ਰੱਖ 'ਤਾ ਬੰਦਾ ।
ਸਮਝਦਾਰੀ ਦਾ ਕਾਲ਼ ਪੈ ਗਿਆ ,
ਜ਼ਿੰਦਗੀ ਹੋ ਗਈ ਸਸਤੀ ;
ਟੁਟਦੇ ਜਾਂਦੇ ਅੰਗ - ਸਾਕ ਨੂੰ ,
ਕੋਈ ਨਾ ਲਾਵੇ ਹੰਧਾ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਸੰਘਰਸ਼

ਆਸਾਨ ਨਹੀਂ ਸੀ ਮੇਰੇ ਲਈ
ਮੰਜ਼ਿਲ ਦੀਆਂ ਇਹ ਰਾਹਵਾਂ
ਦੁੱਖਾਂ ਦੀਆਂ ਝੱਲੀਆਂ ਨੇ
ਮੈਂ ਬੇਸ਼ੁਮਾਰ ਤੱਤੀਆਂ ਹਵਾਵਾਂ
ਕਦੇ ਆਪਣਿਆਂ ਕੋਲ਼ੋਂ
ਕਦੇ ਬੇਗਾਨਿਆਂ ਹੱਥੋਂ
ਮਿਲੀਆਂ ਲੱਖ ਸਜ਼ਾਵਾਂ
ਆਸਾਨ ਨਹੀਂ ਸੀ ਮੇਰੇ ਲਈ
ਮੰਜ਼ਿਲ ਦੀਆਂ ਇਹ ਰਾਹਵਾਂ
ਲੱਖ ਵਾਰ ਹਾਂ ਬੇਸ਼ੱਕ ਟੁੱਟੀ
ਲੱਖ ਵਾਰ ਖ਼ੁਦ ਨੂੰ ਸੰਜੋਇਆ ਏ
ਪਿਉ, ਦਾਦੇ ਦੀਆਂ ਆਸਾਂ ਦਾ
ਸੁਹਣਾ ਖ਼ੁਆਬ ਪਰੋਇਆ ਏ
ਕਦੇ ਲੋਕਾਂ ਦੀਆਂ ਗੱਲਾਂ
ਰਿਸ਼ਤੇਦਾਰਾਂ ਦੇ ਮਿਹਣੇ
ਝੂਠੇ ਇਲਜ਼ਾਮ ਦੁਨੀਆ ਦੇ
ਅਪਣੇ ਉੱਤੇ ਸਹਿਣੇ
ਸਦਾ ਲਈ ਹੀ ਕੁੜੀਆਂ ਦੇ
ਹਿੱਸੇ ਆਉਂਦੇ ਰਹਿਣੇ
ਹੌਲ਼ੀ- ਹੌਲ਼ੀ ਮਿਹਨਤ ਕਰਕੇ
ਖ਼ੁਦ ਮੈਂ ਅੱਗੇ ਆਈ ਹਾਂ
ਆਪਣੇ ਬੇਬੇ ਬਾਪੂ ਦੀ
ਸਭ ਤੋਂ ਵੱਡੀ ਜਾਈ ਹਾਂ
ਛੋਟੀ ਉਮਰ ਵਿਚ ਹੀ
ਮੈਂ ਲੱਖਾਂ ਦੁੱਖ ਦੇਖੇ ਨੇ
ਚੰਗੇ ਮਾੜੇ ਦਿਨ ਮੈਂ
ਅਪਣੇ ਤਨ 'ਤੇ ਸੇਕੇ ਨੇ
ਜਦੋਂ ਲੋੜ ਸੀ ਆਪਣਿਆਂ ਦੀ
ਉਨ੍ਹਾਂ ਖ਼ੂਨ ਦੇ ਹੰਝੂ ਰਵਾਇਆ
ਪਰ ਮੇਰੀ ਜ਼ਿੰਦਗੀ ਨੇ ਮੈਨੂੰ
ਕਿਤਾਬਾਂ ਤੋਂ ਵੱਧ ਕੇ ਸਿਖਾਇਆ
ਸਾਰੀ ਉਮਰ ਹੀ ਚੇਤੇ ਰੱਖ ਕੇ
ਏਹ ਕੌੜੀਆਂ ਮਿੱਠੀਆਂ ਯਾਦਾਂ
ਹੌਲ਼ੀ- ਹੌਲ਼ੀ ਬੰਦ ਕਰਨੀਆਂ ਨੇ
ਰਾਹ ਰੋਕਣ ਜੋ ਆਵਾਜ਼ਾਂ
ਬੜੀ ਦੂਰ ਨੇ ਮੰਜ਼ਿਲਾਂ
ਬੜੀਆਂ ਲੰਮੀਆਂ ਰਾਹਾਂ
ਪਰ ਇਕ ਦਿਨ ਸਭ ਮੁਸ਼ਕਿਲਾਂ ਨੂੰ
ਮੈਂ ਹਿੰਮਤ ਨਾਲ ਪਾਰ ਕਰ ਜਾਣਾ
ਹੌਸਲੇ ਨਾਲ ਅੱਗੇ ਵਧਦੀ-ਵਧਦੀ
ਸੁਪਨਿਆਂ ਨੂੰ ਸਾਕਾਰ ਕਰ ਜਾਣਾ

**ਹਰਲੀਨ ਕੌਰ ਰਾਮਪੁਰੀ**
kaurharleen97180@gmial.com

## ਕਵਿਤਾ : ਦੋ ਘੁੱਟ ਪਾਣੀ

ਆਓ ! ਪੰਛੀਆਂ ਤੇ ਜੀਵਾਂ ਨੂੰ ਪਾਣੀ ਪਿਲਾ ਦਈਏ ,
ਗਰਮੀ ਤੇ ਲੂਹ ਤੋਂ ਇਹਨਾਂ ਨੂੰ ਬਚਾ ਲਈਏ।
ਗਰਮੀ ਨੇ ਹੈ ਕਹਿਰ ਵਰਤਾਇਆ ,
ਸਭ ਪਾਸੇ ਹਾਹਾਕਾਰ ਮਚਾਇਆ।
ਛੱਪੜ - ਟੋਭੇ ਸੁੱਕਣ ਲੱਗੇ ,
ਇੰਜ ਜਾਪੇ ਸਾਹ ਮੁੱਕਣ ਲੱਗੇ।
ਤੱਪਦਾ ਸੂਰਜ ਤੇ ਗਰਮ ਹਵਾਵਾਂ ,
ਘੱਟ ਗਈਆਂ ਹੁਣ ਠੰਢੀਆਂ ਛਾਵਾਂ।
ਅਸਮਾਨੋਂ ਅੱਗ ਦੀਆਂ ਲਪਟਾਂ ਆਵਣ ,
ਪੰਛੀ - ਜੀਵ ਕਿੱਧਰ ਨੂੰ ਜਾਵਣ ?
ਸੁੱਕ ਗਈਆਂ ਖੱਡਾਂ ਤੇ ਨਾਲ਼ੇ ,
ਜਿੰਦਗੀ ਲਟਕੀ ਅੱਧ ਵਿਚਕਾਲ਼ੇ।
ਇੱਧਰ - ਉੱਧਰ ਆਸ ਲਗਾਵੇ ,
ਕੋਈ ' ਰੱਬੀ - ਰੂਹ ' ਪਾਣੀ ਤਾਂ ਪਿਲ਼ਾਵੇ।
ਗਰਮੀ ਤੋਂ ਬਚਾ ਲਓ , ਇਹ ਨੇ ਕੁਦਰਤ ਦੇ ਹੀਰੇ ,
ਤਪਸ਼ ਨੇ ਜ਼ਿੰਦਗੀ ਕੀਤੀ ਲੀਰੇ - ਲੀਰੇ।
ਬਚਾ ਲਏ ' ਰੱਬੀ - ਦਰਵੇਸ਼ ' ਕੋਈ ਆ ਕੇ ,
ਜੀਵਨ ਬਚਾ ਲਏ ਹੁਣ ਪਾਣੀ ਪਿਲ਼ਾ ਕੇ।
ਮੁੱਕਦੇ ਜਾਂਦੇ ਸਾਹਾਂ ਨੂੰ ' ਧਰਮਾਣੀ ' ,
ਪਿਲ਼ਾ ਦੇਵੇ ਕੋਈ ਦੋ ਘੁੱਟ ਪਾਣੀ।
' ਧਰਮਾਣੀ ' ਇਹ ਹੈ ਵੱਡਾ ਪਰਉਪਕਾਰ ,
ਦੋ ਘੁੱਟ ਪਾਣੀ ਪਿਲ਼ਾ ਦਿਓ , ਮਚੀ ਹਾਹਾਕਾਰ,
ਮਚੀ ਹਾਹਾਕਾਰ।
' ਦੋ ਘੁੱਟ ਪਾਣੀ ' ਲਈ ਅੱਗੇ ਆਵੋ ,
ਆਪਣਾ ' ਇਨਸਾਨੀਅਤ - ਧਰਮ ' ਨਿਭਾਵੋ।
ਆਪਣੀ ਨੇਕ ਕਮਾਈ ਵਿੱਚੋਂ ,
ਦੋ - ਚਾਰ ਸਕੋਰੇ ਲਗਾ ਕੇ
ਜੀਵਾਂ - ਪੰਛੀਆਂ ਨੂੰ ਪਾਣੀ ਪਿਲਾਵੋ ,
ਪੰਛੀ - ਪਰਿੰਦਿਆਂ ਨੂੰ ਪਾਣੀ ਪਿਲਾਵੋ।



**ਸਟੇਟ ਐਵਾਰਡੀ , ਦੋ ਵਾਰ ਇੰਡੀਆ ਬੁੱਕ ਆਫ ਰਿਕਾਰਡਜ਼ ਹੋਲਡਰ , ਪ੍ਰਧਾਨ ਆਸਰਾ ਫਾਊਂਡੇਸ਼ਨ ਸ੍ਰੀ ਅਨੰਦਪੁਰ ਸਾਹਿਬ ਮਾਸਟਰ ਸੰਜੀਵ ਧਰਮਾਣੀ 9478561356**

## ਲਘੂ ਕਵਿਤਾਵਾਂ

1. ਹੱਟ
ਬਾਬਾ ਨਾਨਕਾ ਸੱਚਿਆ ਸੌਦੇ ਸੱਚੇ ਵਾਲਿਆ,
ਤੁਸਾਡੇ ਨਾਂ ‘ਤੇ ਚੱਲਦੇ ਕੂੜ ਦੇ ਹਿੱਥੇ ਹੱਟ ਨੇ
ਤੇਰੀ ਮੱਤ ਨਾਲ ਸੱਜਣ ਠੱਗ, ਠੱਗ ਨਾ ਰਿਹਾ,
ਅੱਜ ਕਈ ਮਿੱਠਾ-ਮਿੱਠਾ ਬੋਲ ਤੋਲਦੇ ਘੱਟ ਨੇ।

2. ਪਰਛਾਵੇਂ
ਵਾਂਗ ਸੂਰਜ ਉਮਰਾ ਢ਼ਲ ਰਹੀ ਵੱਡਿਓਂ ਵੱਡੇ ਹੋ ਰਹੇ ਪਰਛਾਵੇਂ।
ਜਿੰਦੇ! ਹਸਾਵੇਂ ਵੀ, ਰੁਲਾਵੇਂ ਵੀ ਮੇਲ ਵਿਛੋੜ ਕੇ ਭੇਤ ਕੋਈ ਸਮਝਾਵੇਂ।
ਗਿਲਾ ਨਹੀਂ ਯੁਗਾਂ ਦੀ ਰੀਤ ਇਹ, ਯੁਗਾਂ ਯੁਗਾਂ ਹੀ ਰਹਿਣੀ,
ਬੀਜਣ ਦੇ ਨੇਕੀ, ਲਾਵਣ ਦੇ ਕੁਝ ਰੁੱਖ ਤੁਰਾਂਗੇ ਛਾਵੇਂ ਛਾਵੇਂ।

3. ਵਿਦਾਈ
ਸਾਡੇ ਇਹ ਥਾਂ, ਵਕਤ-ਵੇਲੇ, ਵੇਲਾਂ ਤੇ ਰੁੱਖਾਂ ਨੂੰ,
ਚਿੜੀ-ਚੁੰਝ ਦੁੱਖਾਂ ਤੇ ਬਾਜ-ਪਰਵਾਜ਼ ਸੁੱਖਾਂ ਨੂੰ।
ਖੁਸ਼ੀਆਂ ਚੁਗੀਂ ਖੁਸ਼ੀਆਂ ਵੰਡੀਂ ਜਿੱਥੇ ਮੌਲ਼ਾ ਰੱਖੇ,
ਰੱਖੀਂ ਯਾਦ ਮਹਿਕਦੇ ਫੁੱਲਾਂ ਤੇ ਉਦਾਸੇ ਮੁੱਖਾਂ ਨੂੰ

4. ਨੀਰੋ
ਲੰਘਿਆ ਵੇ਼ਲਾ ਮੁੜਦਾ ਨਾ, ਨਾ ਮੰਨੇ ਤਰਲੇ, ਹੁਕਮ, ਫਰਿਆਦਾਂ
ਕੁਝ ਪ਼ਲ ਉਸ ਵੇ਼ਲੇ ਦੇ, ਕੋਲ ਰਹਿਣ ਬਣ ਕੇ ਅਭੁੱਲੀਆਂ ਯਾਦਾਂ
ਉਸ ਦੇ ਗਿਲੇ, ਸ਼ਿਕਵੇ, ਛਲ, ਸ਼ਿਕਾਇਤਾਂ ਦੀ ਅੱਗ ਵੀ ਪ੍ਰਵਾਨ ਹੈ,
ਨੀਰੋ ਦੀ ਵੰਝਲੀ ਨਾ ਯਾਦਾਂ ਸਮੇਟ ਰਿਹਾਂ ਵਿੱਚੋਂ ਵਾਦਾਂ ਤੇ ਵਿਵਾਦਾਂ

5. ਆਂਦਰਾਂ
ਧੀਆਂ ਸਦਾ ਨਾ ਰਹਸਨ ਘਰ ਮਾਪਿਆਂ ਦੇਵਨ ਅੱਜ ਭਲਕ ਤੋਰ,
ਪੁੱਤ ਵੀ ਮੁਲਕ ਛੱਡੀ ਜਾਂਵਦੇ ਸੁੰਞੀ ਸੁੰਞੀ ਉਹਨਾਂ ਦੀ ਸ਼ਾਮ ਤੇ ਭੋਰ
ਨਮ ਅੱਖੀਆਂ ਰਾਹ ਆਂਦਰਾਂ ਦਾ ਤੱਕਦੀਆਂ, ਕੰਨ ਉਡੀਕਦੇ ਨੇ ਬੋਲ,
ਫੋਨ ‘ਤੇ ਆਖਦੇ, "ਮੰਮਾਂ! ਜਲਦੀ ਬੰਦ ਕਰ ਲਿਆ ਕਰੋ ਵਿੰਡੋ ਡੋਰ”



**ਮਨਜੀਤ ਸਿੰਘ ਬੱਧਣ**



# ਦੁਸਾਂਝ ਕਲਾਂ 'ਚ ਅਣਪਛਾਤੇ ਚੋਰਾਂ ਵਲੋਂ ਦੋ ਹੋਰ ਬੈਂਕਾ 'ਚ ਚੋਰੀ ਦੀ ਨਾਕਾਮ ਕੋਸ਼ਿਸ਼

**ਫਿਲੌਰ/ਅੱਪਰਾ (ਦੀਪਾ)-** ਬੀਤੀ ਰਾਤ ਚੋਰਾਂ ਵਲੋਂ ਪਿੰਡ ਦੁਸਾਂਝ ਕਲਾਂ ਦੀਆਂ ਤਿੰਨੋਂ ਬੈਂਕਾਂ ਵਿਚ ਚੋਰ ਚੋਰੀ ਕਰਨ ਆਏ। ਇਸ ਸਬੰਧੀ ਪੁਲਿਸ ਮੁਲਾਜ਼ਮਾਂ ਨੂੰ ਜਾਣਕਾਰੀ ਦਿੰਦੇ ਹੋਏ ਨੇੜੇ ਘਰਾਂ ਵਾਲਿਆਂ ਨੇ ਦੱਸਿਆ ਕਿ ਬੀਤੀ ਰਾਤ ਕਰੀਬ ਸਵਾਂ ਇੱਕ ਵਜੇ ਦੁਸਾਂਝ ਕਲਾਂ ਦੀ ਕੋਆਪ੍ਰਟਿਵ ਬੈਂਕ ਵਿੱਚ ਚੋਰੀ ਕਰਨ ਦੀ ਆਏ ਨੀਤ ਨਾਲ ਚੋਰਾਂ ਵਲੋਂ ਬੈਂਕ ਦੀ ਗਰਿੱਲ ਦਾ ਸ਼ੀਸ਼ਾ ਤੋੜਿਆਂ ਗਿਆ। ਚੋਰਾਂ ਵਲੋਂ ਜਦੋਂ ਗਰਿੱਲ ਨੂੰ ਸੱਬਲ ਨਾਲ ਤੋੜਿਆਂ ਜਾਂਦਾ ਸੀ ਤਾਂ ਲਾਗਲੇ ਘਰਾਂ ਵਾਲੇ ਜਾਗ ਪਏ। ਬੈਂਕ ਦੇ ਆਲੇ-ਦੁਆਲੇ ਦੇ ਲੋਕਾਂ ਨੇ ਆਪਣੇ ਘਰਾਂ ਦੀਆਂ ਲੈਟਾਂ ਜਗਾਂ ਦਿੱਤੀਆਂ। ਚੋਰ ਲੈਟਾਂ ਜਗਦਿਆਂ ਦੇਖ ਕੇ ਇੱਥੋਂ ਭੱਜ ਗਏ। ਇਸੇ ਤਰ੍ਹਾਂ ਅੱਡੇ ਦੀ ਐਸ. ਬੀ. ਆਈ ਬੈਂਕ ਦੀਆਂ ਵੀ ਗਰਿੱਲਾਂ ਤੋੜਿਆਂ ਗਈ ਪਰ ਕੋਈ ਸਮਾਨ ਚੋਰੀ ਨਹੀਂ ਹੋਇਆ। ਇਸੇ ਤਰ੍ਹਾਂ ਪੰਜਾਬ







ਨੈਸ਼ਨਲ ਬੈਂਕ ਦੇ ਮੈਨੇਜਰ ਸੋਹਣ ਲਾਲ ਨੇ ਜਾਣਾ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੀ ਰਾਤ ਸਮਾਂ ਕਰੀਬ ਦੋ ਵਜੇ ਬੈਂਕ ਤਾਕੀ ਦੀ ਸ਼ੀਸ਼ਾ ਅਤੇ ਗਰਿੱਲ ਤੋੜ ਕੇ ਚੋਰ ਅੰਦਰ ਦਾਖ਼ਲ ਹੋਏ ਕਰੀਬ ਇੱਕ ਘੰਟਾ ਬੈਂਕ ਅੰਦਰ ਚੋਰ ਬੈਂਕ ਦੀਆਂ ਅਲਮਾਰੀਆਂ ਨੂੰ ਤੋੜ ਦੇ ਰਹੇ ਅਲਮਾਰੀਆਂ ਮਜਬੂਰ ਹੋਣਾ ਕਾਰਣ ਅਲਮਾਰੀਆਂ ਤੋੜ ਨਹੀਂ ਸਕੇ ਅਤੇ ਚੋਰੀ ਕਰਨ ਲਈ ਜੱਦੋ



ਜ਼ਹਿਦ ਕਰਦੇ ਰਹੇ ਗਰਿੱਲਾਂ ਮਜ਼ਬੂਤ ਹੋਣ ਕਰਕੇ ਬੈਂਕ ਦਾ ਕੋਈ ਵੀ ਸਮਾਨ ਚੋਰੀ ਨਹੀਂ ਕਰ ਸੱਕਿਆ। ਉਨ੍ਹਾਂ ਅੱਗੇ ਦੱਸਿਆ ਕਿ ਇਸ ਚੋਰੀ ਸਬੰਧੀ ਪੁਲਿਸ ਚੌਕੀ ਇੰਚਾਰਜ਼ ਨੂੰ ਲਿਖਤੀ ਦਰਖਾਸਤ ਦੇ ਦਿੱਤੀ। ਇਸ ਸਬੰਧੀ ਜਦੋਂ ਪੁਲਿਸ ਚੌਕੀ ਸੁਖਵਿੰਦਰ ਪਾਲ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਦੱਸਿਆ ਕਿ ਮੌਕਾ ਦੇਕੇ ਸੀ. ਸੀ. ਟੀ. ਕੈਮਰੀਆ ਦੀ ਮਦਦ ਨਾ ਚੋਰਾਂ ਦੀ ਭਾਲ ਸੁਰੂ ਕਰ ਦਿੱਤੀ ਗਈ ਹੈ। ਜਲਦ ਹੀ ਚੋਰਾਂ ਨੂੰ ਫੜਕੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਪਿੰਡ ਦੁਸਾਂਝ ਕਲਾਂ ਦੇ ਲੋਕਾਂ ਵਿੱਚ ਦਹਿਸ਼ਤ ਦਾ ਮਾਹੋਲ ਬਣਿਆ ਹੋਇਆ ਹੈ। ਪਿੰਡ ਦੁਸਾਂਝ ਕਲਾਂ ਦੇ ਸਰਪੰਚ ਨਿਰਮਲ ਕੁਮਾਰ ਨਵੀਂ ਨੇ ਪੁਲਿਸ ਪ੍ਰਸ਼ਾਸਨ ਨੂੰ ਕਿਹਾ ਕਿ ਪਿੰਡਾਂ ਵਿੱਚ ਰਾਤ ਨੂੰ ਗਸ਼ਤ ਕੀਤੀ ਜਾਵੇ ਤਾਂ ਚੋਰਾਂ ਨੂੰ ਨੱਥ ਪਾਈ ਜਾ ਸਕੇ।

# ਸੀ.ਪੀ.ਆਈ ਐਮ.ਐਲ ਵਲੋਂ ਪਹਲਗਾਮ ਹੱਤਿਆਵਾਂ ਦੀ ਨਿਆਂਇਕ ਜਾਂਚ ਮੰਗੀ

## ਉੜਾਪੜ ਵਿਖੇ ਪਹਲਗਾਮ ਦੇ ਮ੍ਰਿਤਕਾਂ ਨੂੰ ਦਿੱਤੀ ਸ਼ਰਧਾਂਜਲੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊਡੈਮੋਕਰੇਸੀ ਵਲੋਂ ਪਹਲਗਾਮ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਵਿਚਾਰ ਪ੍ਰਗਟ ਕਰਦਿਆਂ ਪਾਰਟੀ ਆਗੂਆਂ ਦਲਜੀਤ ਸਿੰਘ ਐਡਵੋਕੇਟ ਅਤੇ ਕੁਲਵਿੰਦਰ ਸਿੰਘ ਵੜੈਚ ਨੇ ਕਿਹਾ ਕਿ ਉਹਨਾਂ ਦੀ ਪਾਰਟੀ ਇਸ ਨਿਰਦੋਸ਼ ਹੱਤਿਆ ਦੀ ਸਖਤ ਨਿੰਦਾ ਕਰਦੀ ਹੈ ਅਤੇ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਪ੍ਰਤੀ ਗਹਿਰੀ ਸੰਵੇਦਨਾ ਅਤੇ ਸ਼ੋਕ ਪ੍ਰਗਟਾਉਂਦੀ ਹੈ। ਇਹ ਹੱਤਿਆਵਾਂ ਨਾ ਤਾਂ ਕਸ਼ਮੀਰੀ ਲੋਕਾਂ ਦੀ ਲੋਕਤੰਤਰਕ ਇੱਛਾਵਾਂ ਦੀ ਲੜਾਈ ਦੀ ਸੇਵਾ ਕਰਦੀਆਂ ਹਨ ਅਤੇ ਨਾ ਹੀ ਕਿਸੇ ਧਰਮ ਦੇ ਹਿੱਤ ਵਿੱਚ ਹਨ। ਇਹ ਗੱਲ ਉਚੇਚਾ ਧਿਆਨ ਮੰਗਦੀ ਹੈ ਕਿ ਕਸ਼ਮੀਰ ਵਿੱਚ, ਖ਼ਾਸ ਕਰਕੇ ਮੁਸਲਮਾਨ ਇਸ ਘਿਨੌਣੇ ਹਮਲੇ ਦੇ ਵਿਰੁੱਧ ਸੜਕਾਂ 'ਤੇ ਉੱਤਰੇ ਹਨ। ਇਹ ਹਮਲਾ ਆਰਐਸਐਸ-ਭਾਜਪਾ ਸਰਕਾਰ ਦੀ ਰਾਜਨੀਤਕ ਅਤੇ ਪ੍ਰਸ਼ਾਸਕੀ ਨਾਕਾਮੀ ਦੀ ਸਾਫ਼ ਉਦਾਹਰਨ ਹੈ, ਜੋ ਕਿ ਜੰਮੂ-ਕਸ਼ਮੀਰ ਵਿੱਚ ਤਾਇਨਾਤ ਸੁਰੱਖਿਆ ਬਲਾਂ ਉੱਤੇ ਪੂਰਾ ਕਾਬੂ ਰੱਖਦੀ ਹੈ ਕਿਉਂਕਿ ਜੰਮੂ-ਕਸ਼ਮੀਰ ਇੱਕ ਯੂਨੀਅਨ ਟੈਰੀਟਰੀ ਹੈ। ਆਰਐਸਐਸ-ਭਾਜਪਾ ਨੇ ਦਾਅਵਾ ਕੀਤਾ ਸੀ ਕਿ ਜੰਮੂ-ਕਸ਼ਮੀਰ ਵਿੱਚ ਉੱਤਪੰਨ ਹਿੰਸਾ ਦੀ ਜੜ੍ਹ ਧਾਰਾ 370 ਅਤੇ 35ਏ ਸੀ, ਪਰ 5 ਅਗਸਤ 2019 ਨੂੰ ਉਨ੍ਹਾਂ ਦੇ ਰੱਦ ਹੋਣ ਮਗਰੋਂ ਜੰਮੂ ਕਸ਼ਮੀਰ ਅਤੇ ਹਾਲਾਤ ਆਮ ਵਰਗੇ ਹੋਣ ਦੇ ਸਾਰੇ ਦਾਅਵੇ ਝੂਠੇ ਸਾਬਤ ਹੋਏ ਹਨ। ਲੋਕਤੰਤਰਕ ਆਵਾਜ਼ ਨੂੰ ਦਬਾਉਣ ਲਈ ਕੇਂਦਰੀ ਸਰਕਾਰ ਨੇ ਹਰ ਤਰ੍ਹਾਂ ਦੇ ਜਬਰ ਅਮਲ ਵਿੱਚ ਲਿਆਂਦੇ ਹਨ। ਵੱਡੀ ਗਿਣਤੀ ਵਿੱਚ ਗ੍ਰਿਫਤਾਰੀਆਂ ਅਤੇ ਮੀਡੀਆ ਸਮੇਤ ਹਰੇਕ ਅਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਰ ਫਿਰ ਵੀ ਇਹ ਕਦਮ ਅਸਫਲ ਸਾਬਤ ਹੋਏ ਹਨ। ਇਸ ਲਈ ਸੈਲਾਨੀਆਂ ਦੀ ਸੁਰੱਖਿਆ ਕਰਨ





ਵਿੱਚ ਨਾਕਾਮ ਰਹਿਣ ਦੀ ਪੂਰੀ ਜ਼ਿੰਮੇਵਾਰੀ ਕੇਂਦਰੀ ਸਰਕਾਰ ਦੀ ਹੈ।ਇਸਦੇ ਲਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਸਤੀਫਾ ਦੇਣਾ ਚਾਹੀਦਾ ਹੈ। ਆਗੂਆਂ ਨੇ ਕਿਹਾ ਕਿ ਪਹਲਗਾਮ ਵਿੱਚ ਹਿੰਦੂ ਸੈਲਾਨੀਆਂ ਦੀਆਂ ਇਹ ਸਮੂਹਿਕ ਹੱਤਿਆਵਾਂ ਉਸ ਸਮੇਂ ਹੋਈਆਂ ਹਨ ਜਦੋਂ ਅਮਰੀਕਾ ਦੇ ਉਪ-ਰਾਸ਼ਟਰਪਤੀ ਭਾਰਤ ਦੇ ਦੌਰੇ 'ਤੇ ਸਨ। ਪਹਿਲਾਂ ਵੀ ਚਿੱਟੀਸਿੰਘਪੁਰਾ 'ਚ ਸਿੱਖਾਂ ਦੀਆਂ ਹੱਤਿਆਵਾਂ ਹੋਈਆਂ ਸਨ। ਘਟਨਾ ਤਦ ਹੋਈ ਸੀ ਜਦੋਂ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਭਾਰਤ ਆਏ ਸਨ ਅਤੇ ਪੁਲਵਾਮਾ ਹਮਲਾ ਵੀ ਚੋਣਾਂ ਤੋਂ ਥੋੜ੍ਹਾ ਪਹਿਲਾਂ ਹੋਇਆ ਸੀ। ਹੱਤਿਆਵਾਂ ਦੀ ਟਾਈਮਿੰਗ ਹਾਲਾਤਾਂ ਨੂੰ ਸ਼ੱਕ ਦੇ ਘੇਰੇ ਵਿਚ ਲਿਆਉਂਦੀ ਹੈ।ਇਸ ਲਈ ਜ਼ਰੂਰੀ ਹੈ ਕਿ ਪਹਲਗਾਮ ਹੱਤਿਆਵਾਂ ਅਤੇ ਨਾਗਰਿਕਾਂ ਦੀ ਰੱਖਿਆ 'ਚ ਨਾਕਾਮੀ ਬਾਰੇ ਪੂਰੀ ਜਾਂਚ ਕੀਤੀ ਜਾਵੇ। ਇਹ ਜਾਂਚ ਸਭ ਤੋਂ ਉੱਚੇ ਪੱਧਰ 'ਤੇ, ਨਿਆਂਇਕ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਸਾਰੇ ਤੱਥ ਲੋਕਾਂ ਸਾਹ-ਮਣੇ ਲਿਆਂਦੇ ਆ ਸਕਣ।ਲੋਕਾਂ ਨੂੰ ਚਾਹੀਦਾ ਹੈ ਕਿ ਉਹ ਬਣਾਏ ਜਾ ਰਹੇ ਜੰਗੀ ਮਹੌਲ ਦਾ ਵਿਰੋਧ ਕਰਨ। ਆਰਐਸਐਸ-ਭਾਜਪਾ ਦੇ ਨੇਤਾ, ਜਿਨ੍ਹਾਂ ਦੇ ਰਾਜ ਵਿੱਚ ਇਹ ਹੱਤਿਆਵਾਂ ਹੋਈਆਂ ਹਨ, ਹੁਣ ਇਸ ਘਟਨਾ ਨੂੰ ਧਾਰਮਿਕ ਵੰਡ ਨੂੰ ਹੋਰ ਡੂੰਘਾ ਕਰਨ ਲਈ ਰਾਜਨੀਤਕ ਤੌਰ 'ਤੇ ਲਾਹਾ ਲੈਣ ਦੀ ਕੋਸ਼ਿਸ਼ ਕਰ ਰਹੇ ਹਨ, ਹਾਲਾਂਕਿ ਹਰ ਧਰਮ ਦੇ ਲੋਕਾਂ ਨੇ ਇਸ ਦੀ ਨਿੰਦਾ ਕੀਤੀ ਹੈ। ਮੌਜੂਦਾ ਹਕੂਮਤ ਹਾਲਾਤਾਂ ਦਾ ਰਾਜਨੀਤਕ ਫਾਇਦਾ ਚੁੱਕਣ ਲਈ ਉਤਸੁਕ ਹੈ। ਇਸ ਲਈ ਸਾਰੇ ਤਰੱਕੀਪਸੰਦ, ਲੋਕਤੰਤਰਕ ਅਤੇ ਅਮਨਪਸੰਦ ਤੱਤਾਂ ਨੂੰ ਚਾਹੀਦਾ ਹੈ ਕਿ ਉਹ ਧਾਰਮਿਕ ਵੰਡ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰਦਿਆਂ, ਹੱਤਿਆਵਾਂ ਨੂੰ ਜਾਤੀ-ਧਾਰਮਿਕ ਜ਼ਹਿਰ ਫੈਲਾਉਣ ਲਈ ਵਰਤੇ ਜਾਣ ਤੋਂ ਰੋਕਣ। ਸੈਲਾਨੀ ਉਦਯੋਗ 'ਤੇ ਹੋਏ ਹਮਲੇ ਨੇ ਦੁਕਾਨਦਾਰਾਂ ਅਤੇ ਛੋਟੇ ਵਪਾਰੀਆਂ ਦੀ ਆਮਦਨ ਨੂੰ ਵੀ ਭਾਰੀ ਨੁਕ-ਸਾਨ ਪਹੁੰਚਾਇਆ ਹੈ।

# 2 ਮਈ ਨੂੰ ਵਿਲੇਜ਼ ਡਿਫੈਂਸ ਕਮੇਟੀਆਂ ਨੂੰ ਜਾਗਰੂਕ ਕਰਨ ਲਈ ਕਰਵਾਇਆ ਜਾਵੇਗਾ ਜ਼ਿਲ੍ਹਾ ਪੱਧਰੀ ਸਮਾਗਮ - ਆਸ਼ਿਕਾ ਜੈਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹੇ ਵਿੱਚ ਨਸ਼ਿਆਂ ਖਿਲਾਫ਼ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਦੇ ਉਦੇਸ਼ ਨਾਲ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਹੇਠ ਇੱਕ ਮਹੱਤਵਪੂਰਨ ਮੀਟਿੰਗ ਹੋਈ। ਇਹ ਮੀਟਿੰਗ ਜੈਮਸ ਕੈਂਬਰਿਜ ਇੰਟਰਨੈਸ਼ਨਲ ਸਕੂਲ ਵਿਖੇ ਹੋਈ, ਜਿਸ ਵਿੱਚ ਐਸ.ਐਸ.ਪੀ ਸੰਦੀਪ ਕੁਮਾਰ ਮਲਿਕ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ 'ਵਿਲੇਜ਼ ਡਿਫੈਂਸ ਕਮੇਟੀ - ਪਿੰਡਾ ਦੇ ਪਹਿਰੇਦਾਰ' ਨਾਲ ਸਬੰਧਤ ਜ਼ਿਲ੍ਹਾ ਪੱਧਰੀ ਸਮਾਗਮ 2 ਮਈ ਨੂੰ ਜੈਮਸ ਕੈਂਬਰਿਜ ਇੰਟਰਨੈਸ਼ਨਲ ਸਕੂਲ ਵਿਖੇ ਕਰਵਾਇਆ ਜਾਵੇਗਾ। ਇਸ ਪ੍ਰੋਗਰਾਮ ਰਾਹੀਂ ਜ਼ਿਲ੍ਹੇ ਵਿੱਚ ਬਣਾਈਆਂ ਵਿਲੇਜ਼ ਡਿਫੈਂਸ ਕਮੇਟੀਆਂ ਨੂੰ ਉਨ੍ਹਾਂ ਦੇ ਫਰਜ਼ਾਂ ਅਤੇ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਵਿੱਚ ਇਨ੍ਹਾਂ ਕਮੇਟੀਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ ਅਤੇ ਇਸ ਲਈ ਉਨ੍ਹਾਂ ਨੂੰ ਸਹੀ ਸਿਖਲਾਈ ਅਤੇ ਮਾਰਗਦਰਸ਼ਨ ਪ੍ਰਦਾਨ ਕਰਨਾ ਜ਼ਰੂਰੀ ਹੈ।



ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸਾਰੇ ਸਬੰਧਤ ਵਿਭਾਗਾਂ ਦੀਆਂ ਭੂਮਿਕਾਵਾਂ ਨੂੰ ਸਪੱਸ਼ਟ ਤੌਰ 'ਤੇ ਸਮਝਾਇਆ ਅਤੇ ਉਨ੍ਹਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਪ੍ਰੋਗਰਾਮ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਆਪਸੀ ਤਾਲਮੇਲ ਨਾਲ ਕੰਮ ਕਰਨ। ਉਨ੍ਹਾਂ ਕਿਹਾ ਕਿ ਹਰ ਵਿਭਾਗ ਨੂੰ ਆਪਣੀ ਜ਼ਿੰਮੇਵਾਰੀ ਨੂੰ ਗੰਭੀਰਤਾ ਨਾਲ ਨਿਭਾਉਣਾ ਹੋਵੇਗਾ ਤਾਂ ਜੋ ਇਸ ਮੁਹਿੰਮ ਦੇ ਅਸਲ ਉਦੇਸ਼, ਭਾਵ ਨਸ਼ਾ ਮੁਕਤ ਸਮਾਜ ਦੀ ਸਥਾਪਨਾ ਨੂੰ ਸਾਕਾਰ ਕੀਤਾ ਜਾ ਸਕੇ। ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ ਨੇ ਕਿਹਾ ਕਿ ਪੁਲਿਸ ਵਿਭਾਗ ਵਲੋਂ ਵੀ 'ਪਿੰਡਾ ਦੇ ਪਹਿਰੇਦਾਰ' ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਪੂਰੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਗਤੀਵਿਧੀਆਂ ਵਧਾਉਣ ਲਈ ਕਮੇਟੀ ਮੈਂਬਰਾਂ ਨੂੰ ਨਸ਼ਾ ਤਸਕਰੀ ਨਾਲ ਸਬੰਧਤ ਜਾਣਕਾਰੀ ਪ੍ਰਦਾਨ ਕਰਨ, ਸ਼ੱਕੀ ਗਤੀਵਿਧੀਆਂ 'ਤੇ ਨਜ਼ਰ ਰੱਖਣ ਅਤੇ ਸਮੇਂ ਸਿਰ ਰਿਪੋਰਟ ਕਰਨ ਲਈ ਸਿਖਲਾਈ ਦਿੱਤੀ ਜਾਵੇਗੀ।ਇਸ ਮੌਕੇ ਸਹਾਇਕ ਕਮਿਸ਼ਨਰ ਓਇਸ਼ੀ ਮੰਡਲ, ਐਸ.ਪੀ ਮੇਜਰ ਸਿੰਘ, ਐਸ.ਡੀ.ਐਮ ਹੁਸ਼ਿਆਰਪੁਰ ਸੰਜੀਵ ਕੁਮਾਰ, ਐਸ.ਡੀ.ਐਮ ਟਾਂਡਾ ਪਰਮਪ੍ਰੀਤ ਸਿੰਘ, ਡੀ.ਐਸ.ਪੀ ਮਨਪ੍ਰੀਤ ਸ਼ੀਮਾਰ ਤੋਂ ਇਲਾਵਾ ਹੋਰ ਅਧਿਕਾਰੀ ਵੀ ਮੌਜੂਦ ਸਨ।

# ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ ਸਾਨੂੰ ਸ਼ਰਧਾ ਅਤੇ ਮੰਨੋਰੰਜ਼ਨ ਦਾ ਸਾਧਨ ਦੇ ਤੌਰ ਤੇ ਨਹੀਂ ਮਨਾਉਣਾ ਚਾਹੀਦਾ: ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ

## ਇਸ ਮੌਕੇ ਤੇ ਮਿਸ਼ਨਰੀ ਗਾਇਕ ਗੋਲਡੀ ਮਲਿਕ ਅਤੇ ਮਿਸ਼ਨਰੀ ਗਾਇਕਾਂ ਨੀਲਮ ਠੱਕਰਵਾਲ ਨੇ ਹਾਜ਼ਰੀ ਲਗਵਾਈ

**ਬੰਗਾ (ਚਰਨਜੀਤ ਸੱਲ੍ਹਾ )** ਕੱਲ ਰਾਤ ਨੂੰ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ ਮਿਸ਼ਨਰੀ ਭਾਵਨਾ ਨਾਲ ਬੰਗਾ ਵਿਖੇ ਮਨਾਇਆ ਗਿਆ।ਜਿਸ ਦੇ ਮੁੱਖ ਮਹਿਮਾਨ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਆਪਣੇ ਲੰਬੇ ਚੌੜੇ ਭਾਸ਼ਣ ਵਿੱਚ ਕਿਹਾ ਕਿ ਸਾਨੂੰ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ ਸਿਰਫ਼ ਸ਼ਰਧਾ ਅਤੇ ਮੰਨੋਰੰਜ਼ਨ ਦੇ ਤੌਰ ਤੇ ਨਹੀਂ ਮਨਾਉਣਾ ਚਾਹੀਦਾ ਸਗੋਂ ਸਾਨੂੰ ਚਾਹੀਦਾ ਹੈ ਕਿ ਪਿਛੇ ਜਿੰਨੀਆਂ ਵੀ ਸਰਕਾਰਾਂ ਆਈਆਂ ਉਨ੍ਹਾਂ ਨੇ ਸਾਨੂੰ ਕੁੱਟਣ ਅਤੇ ਲਾਅਰੇ ਨਾਅਰਿਆਂ ਤੋਂ ਸਿਵਾਏ ਕੁਝ ਵੀ ਨਹੀਂ ਦਿੱਤਾ। ਸਾਡੇ ਕੋਲੋਂ ਸਭ ਕੁਝ ਖੋਹ ਲਿਆ ਹੈ ਇਸ ਲਈ ਹੁਣ ਸਾਨੂੰ ਬਾਬਾ ਸਾਹਿਬ ਡਾ ਅੰਬੇਡਕਰ ਜੀ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਅਧੂਰੇ ਸੁਪਨੇ ਨੂੰ ਪੂਰਾ ਕਰਨਾ ਸਾਡਾ ਫਰਜ਼ ਹੋਣਾ ਚਾਹੀਦਾ ਹੈ। ਇਸ ਮੌਕੇ ਤੇ ਮਿਸ਼ਨਰੀ ਗਾਇਕ ਗੋਲਡੀ ਮਾਲਿਕ ਨੇ ਲੋਕਾਂ ਨੂੰ ਜਾਗਰੂਕ ਭਰੇ ਗੀਤਾਂ ਰਾਹੀਂ ਸੁਨ ਕਰ ਦਿੱਤਾ ਜਿਨ੍ਹਾਂ ਚਿਰ ਉਸ ਨੇ ਉਸ ਨੇ ਗਾਇਆ ਸਿਰਫ ਬਾਬਾ ਸਾਹਿਬ ਦਾ ਮਿਸ਼ਨ ਗਾਇਆ ਅਤੇ ਸਚਾਈ ਨੂੰ ਲੋਕਾਂ ਸਾਹਮਣੇ





ਪੇਸ਼ ਕੀਤਾ।ਨੀਲਮ ਠੱਕਰਵਾਲ ਜੀ ਨੇ ਵੀ ਮਿਸ਼ਨਰੀ ਗੀਤ ਗਾਇਆ।ਨੰਨੇ ਮੁੰਨੇ ਬੱਚਿਆਂ ਨੇ ਮੌਲਿਕ ਅਧਿਕਾਰ ਵਾਰੇ ਕੋਰੀਓਗ੍ਰਾਫੀ ਖੇਡਣ ਦਾ ਹੌਸਲਾ ਕੀਤਾ। ਇਸ ਮੌਕੇ ਤੇ ਮਨੋਹਰ ਕਮਾਮ ਬਸਪਾ ਆਗੂ,ਜੈ ਪਾਲ ਸੂੰਡਾ ਬਸਪਾ ਆਗੂ, ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ,ਡਾ ਕਸ਼ਮੀਰ ਚੰਦ,ਪਰਮਜੀਤ ਸਿੰਘ ਸੋਨੂੰ ਨੌਜਵਾਨ ਬਸਪਾ ਆਗੂ, ਕੁਲਦੀਪ ਸਿੰਘ ਬਹਿਰਾਮ, ਤੀਰਥ ਕਲਸੀ ਬਹਿਰਾਮ, ਦਰਸ਼ਨ ਬਹਿਰਾਮ, ਕ੍ਰਿਸ਼ਨਾ ਦੇਵੀ ਹੁਸ਼ਿਆਰਪੁਰ,ਰਵਿੰਦਰ ਮਹਿੰਮੀ ਬਸਪਾ ਆਗੂ, ਮਨਜੀਤ ਸੋਨੂੰ, ਹਰਜਿੰਦਰ ਲੱਧੜ ਪ੍ਰਧਾਨ ਬਸਪਾ ਸ਼ਹਿਰੀ ਬੰਗਾ, ਬਾਬਾ ਤਿਲਕ ਰਾਜ,ਜੀਤ ਰਾਮ ਭਾਟੀਆ ਐਮ ਸੀ, ਪ੍ਰਕਾਸ਼ ਚੰਦ ਬਸਪਾ ਦੇ ਬਜ਼ੁਰਗ ਆਗੂ, ਜਸਪਾਲ ਕਾਕਾ ਲਧਾਣਾ,ਹੰਸ ਰਾਜ ਨੰਬਰਦਾਰ, ਚਰਨਜੀਤ ਸਿੰਘ ਨੰਬਰਦਾਰ, ਦਵਿੰਦਰ ਬੇਗਮਪੁਰੀ ,ਰਾਮੇਸ਼ ਸਿੰਘ ਚੱਕ ਕਲਾਲ, ਜਤਿੰਦਰ ਖਮਾਚੋਂ, ਨਿਰਮਲ ਟੇਲਰ, ਤੀਰਥ ਰਾਮ ਬੰਗਾ, ਜਸਵਿੰਦਰ ਸਾਬਕਾ ਸਰਪੰਚ ਅਤੇ ਵੱਡੀ ਗਿਣਤੀ ਵਿੱਚ ਬੀਬੀ ਭੈਣਾਂ ਅਤੇ ਬੱਚੇ ਮੌਜੂਦ ਸਨ , ।ਇਹ ਪ੍ਰੋਗਰਾਮ ਬਾਬਾ ਸਾਹਿਬ ਡਾ ਅੰਬੇਡਕਰ ਮਿਸ਼ਨ ਸੋਸਾਇਟੀ ਬੰਗਾ ਵੱਲੋਂ ਕਰਾਇਆ ਗਿਆ ਸਟੇਜ ਸਕੱਤਰ ਦਾ ਕੰਮ ਸੰਜੀਵ ਐਮਾਂ ਜੱਟਾਂ ਨੇ ਬਾਖ਼ੂਬੀ ਨਿਭਾਇਆ।

# ਕੱਲ੍ਹ ਰਾਤ ਫੂਲੇ ਫਿਲਮ ਦੇਖਣ ਲਈ ਅਪੀਲ ਕੀਤੀ : ਮਿਸਨਰੀ ਗਾਇਕ ਗੋਲਡੀ ਮਲਿਕ

**ਬੰਗਾ (ਚਰਨਜੀਤ ਸੱਲ੍ਹਾ )** ਕੱਲ੍ਹ ਰਾਤ ਫੂਲੇ ਫਿਲਮ ਦੇਖਣ ਲਈ ਅਪੀਲ ਮਿਸ਼ਨਰੀ ਗਾਇਕ ਗੋਲਡੀ ਮਲਿਕ ਨੇ ਕੀਤੀ ਉਨ੍ਹਾਂ ਵੱਖ ਵੱਖ ਥਾਵਾਂ ਤੇ ਫਿਲਮ ਦਿਖਾਉਣ ਲਈ ਮਿਸ਼ਨਰੀ ਵਰਕਰਾਂ ਦਾ ਧੰਨਵਾਦ ਕੀਤਾ। ਉਹ ਕੱਲ੍ਹ ਰਾਤ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਜਨਮ ਦਿਨ ਤੇ ਬੰਗਾ ਮੁਕਤ ਪੁਰਾ ਵਿਖ਼ੇ ਆਪਣੇ ਗੀਤਾਂ ਰਾਹੀਂ ਮਿਸ਼ਨ ਦੇ ਰੰਗ ਵਿੱਚ ਰੰਗਣ ਆਏ ਸਨ

ਲੋਕਾ ਦਾ ਇੱਕਠ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਜਨਮ ਦਿਨ ਮੌਕੇ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਗੋਲਡੀ ਮਲਿਕ ਨੂੰ ਲੋਕ ਕਿੰਨਾ ਪਿਆਰ ਕਰਦੇ ਹਨ ਉਸ ਨੇ ਲੋਕਾਂ ਸਾਹਮਣੇ ਹਕੀਕਤ ਪੇਸ਼ ਕਰਕੇ ਬਾਹ ਬਾਂਹ ਖੱਟੀ ।



# ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਮੈਜਿਸਟ੍ਰੇਟ, ਸ਼ਹੀਦ ਭਗਤ ਸਿੰਘ ਨਗਰ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਵਿਚ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਹਨ। ਇਸ ਤਹਿਤ ਇਕ ਹੁਕਮ ਰਾਹੀਂ ਉਨ੍ਹਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਸੜਕਾਂ 'ਤੇ ਅਵਾਰਾ ਪਸ਼ੂਆਂ ਨੂੰ ਘੁੰਮਣ- ਫਿਰਨ ਅਤੇ ਸ਼ਹਿਰਾਂ/ਕਸਬਿਆਂ/ਸੜਕਾਂ ਕਿਨਾਰੇ ਚਰਾਉਣ 'ਤੇ ਰੋਕ ਲਗਾ ਦਿੱਤੀ ਹੈ।

ਉਨ੍ਹਾਂ ਨੇ ਆਪਣੇ ਹੁਕਮ ਵਿਚ ਸਪੱਸ਼ਟ ਕੀਤਾ ਹੈ ਕਿ ਚਰਵਾਹੇ ਵੱਡੀ ਗਿਣਤੀ ਵਿਚ ਗਾਵਾਂ/ਮੱਝਾਂ ਆਦਿ ਲੈ ਕੇ ਉਨ੍ਹਾਂ ਦੇ ਚਾਰੇ ਦੀ ਖ਼ਾਤਰ ਜਿਲ੍ਹਾ ਸ਼ਹੀਦ ਭਗਤ



ਸਿੰਘ ਨਗਰ ਦੇ ਸ਼ਹਿਰਾਂ/ਕਸਬਿਆਂ ਅਤੇ ਪਿੰਡਾਂ ਵਿਚ ਘੁੰਮਦੇ-ਫਿਰਦੇ ਹਨ, ਜੋ ਕਿ ਲੋਕਾਂ ਦੀਆਂ ਫ਼ਸਲਾਂ ਅਤੇ ਸੜਕ ਕਿਨਾਰੇ ਲਗਾਏ ਗਏ ਬੂਟਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਸ ਨਾਲ ਕਿਸਾਨਾਂ ਅਤੇ ਦਰਵਾਹਿਆਂ ਦਾ ਆਪਸ ਵਿਚ ਤਕਰਾਰ ਹੋਣ ਦਾ ਖਦਸ਼ਾ ਬਣ ਜਾਂਦਾ ਹੈ। ਇਸ ਤੋਂ ਇਲਾਵਾ ਟ੍ਰੈਫਿਕ ਵਿਚ ਰੁਕਾਵਟ ਪੈਦਾ ਹੁੰਦੀ ਹੈ ਅਤੇ ਕਈ ਵਾਰ ਐਕਸੀਡੈਂਟ ਹੋਣ ਕਾਰਨ ਵਾਹਨਾਂ/ਪਸ਼ੂਆਂ ਦਾ ਨੁਕਸਾਨ ਹੋ ਜਾਂਦਾ ਹੈ। ਇਸ ਲਈ ਸੜਕਾਂ 'ਤੇ ਅਵਾਰਾ ਪਸ਼ੂਆਂ ਦੇ ਘੁੰਮਣ-ਫਿਰਨ/ਚਰਾਉਣ ਅਤੇ ਪਸ਼ੂਆਂ ਵਿਚ ਮੂੰਹ-ਖੁਰ/ਲੰਪੀ ਸਕਿਨ ਦੀ ਬਿਮਾਰੀ ਫੈਲਣ ਤੋਂ ਰੋਕਣ ਦਾ ਉਪਰਾਲਾ ਕਰਨ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਉਕਤ ਹੁਕਮ ਜਾਰੀ ਕੀਤਾ ਗਿਆ ਹੈ। ਇਸੇ ਤਰ੍ਹਾਂ ਇਕ ਹੋਰ ਹੁਕਮ ਰਾਹੀਂ ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਕਿਸੇ ਵੀ ਵਿਅਕਤੀ ਵੱਲੋਂ ਸਰਕਾਰੀ ਬਿਲਡਿੰਗਾਂ ਤੇ ਇਸ਼ਤਿਹਾਰ ਅਤੇ ਹੋਰਡਿੰਗ ਬੋਰਡ ਲਗਾਉਣ ਅਤੇ ਪ੍ਰਾਈਵੇਟ ਬਿਲਡਿੰਗਾਂ/ਨੈਸ਼ਨਲ ਹਾਈਵੇਅ/ ਲਿੰਕ ਸੜਕਾਂ/ਦਰੱਖਤਾਂ ਤੇ ਬਿਨਾਂ ਸਬੰਧਤ ਵਿਭਾਗਾਂ ਅਤੇ ਮਾਲਕਾਂ ਦੀ ਪ੍ਰਵਾਨਗੀ ਤੋਂ ਇਸ਼ਤਿਹਾਰ ਅਤੇ ਹੋਰਡਿੰਗ ਬੋਰਡ ਲਗਾਉਣ 'ਤੇ ਪਾਬੰਦੀ ਲਗਾ ਦਿੱਤੀ ਹੈ। ਉਪਰੋਕਤ ਦੋਵੇਂ ਹੁਕਮ 23 ਜੂਨ, 2025 ਤੱਕ ਲਾਗੂ ਰਹਿਣਗੇ।

# ਅਮਰੀਕਾ ਦੇ ਰੀਨੋ ਸ਼ਹਿਰ ਵਿਚ ਭਾਰਤੀ ਸੰਵਿਧਾਨ ਦੇ ਨਿਰਮਾਤਾ, ਗਿਆਨ ਦੇ ਪ੍ਰਤੀਕ ਅਤੇ ਨਾਰੀ ਜਾਤੀ ਦੇ ਮੁਕਤੀਦਾਤਾ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਦਾ 134ਵਾਂ ਜਨਮ ਦਿਵਸ ਅਰਿਸਟੋਟਲ ਚੁੰਬਰ ਦੇ ਗ੍ਰਹਿ ਵਿਖੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

ਅਮਰੀਕਾ ਦੇ ਰੀਨੋ ਸ਼ਹਿਰ ਵਿਚ ਅੰਬੇਡਕਰੀ ਸਾਥੀਆਂ ਨੇ ਮਿਲ ਕੇ ਕਰੋੜਾਂ ਲੋਕਾਂ ਦੇ ਮਸੀਹਾ, ਭਾਰਤੀ ਸੰਵਿਧਾਨ ਦੇ ਨਿਰਮਾਤਾ, ਗਿਆਨ ਦੇ ਪ੍ਰਤੀਕ ਅਤੇ ਨਾਰੀ ਜਾਤੀ ਦੇ ਮੁਕਤੀਦਾਤਾ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਦਾ 134ਵਾਂ ਜਨਮ ਦਿਵਸ ਅਰਿਸਟੋਟਲ ਚੁੰਬਰ ਦੇ ਗ੍ਰਹਿ ਵਿਖੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਜਿਸ ਦੀ ਪ੍ਰਧਾਨਗੀ ਮਾਣਯੋਗ ਹਰਜਿੰਦਰ ਸਿੰਘ ਬੀਕਾ, ਸ਼੍ਰੀ ਭਗਤ ਰਾਮ ਲੱਧੜ ਅਤੇ ਧਰਮ ਪਾਲ ਪੈਂਥਰ ਨੇ ਸਾਂਝੇ ਤੌਰ ਤੇ ਕੀਤੀ ਗਈ। ਮੰਚ ਸੰਚਾਲਨ ਦੀ ਭੂਮਿਕਾ ਪੂਨਮ ਲੱਧੜ ਨੇ ਨਿਭਾਉਂਦੇ ਹੋਏ ਸਾਰੇ ਮਹਿਮਾਨਾਂ ਅਤੇ ਸਰੋਤਿਆਂ ਜੀ ਆਇਆ ਕਿਹਾ। ਇਸ ਮੌਕੇ ਤੇ ਸ਼੍ਰੀ ਹਰਜਿੰਦਰ ਸਿੰਘ ਬੀਕਾ ਜੀ ਨੇ ਕੈਂਡਲ ਜਗਾ ਕੇ ਬਾਬਾ ਸਾਹਿਬ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਨੇ ਤੰਗੀਆਂ ਤੁਰਸ਼ੀਆਂ ਨੂੰ ਸਹਿਣ ਉਪਰੰਤ ਉੱਚ ਪੱਧਰ ਦੀ ਪੜ੍ਹਾਈ ਕਰਕੇ ਦੁਨੀਆਂ ਦੇ ਮਹਾਨ ਵਿਦਵਾਨ ਬਣੇ ਸਨ। ਉਨ੍ਹਾਂ ਨੇ ਸਮਾਜ ਦੀ ਪੀੜਾ ਨੂੰ ਬਹੁਤ ਹੀ ਕਰੀਬ ਤੋਂ ਦੇਖਿਆ ਅਤੇ ਆਪਣੇ ਪਿੰਡੇ ਤੇ ਹੰਡਾਇਆ। ਜੇਕਰ ਅੱਜ ਅਸੀਂ ਅਮਰੀਕਾ ਵਿੱਚ ਵਧੀਆ ਜ਼ਿੰਦਗੀ ਗੁਜਰ ਰਹੇ ਹਾਂ ਤਾਂ ਇਹ ਬਾਬਾ ਸਾਹਿਬ ਦੀ ਬਦੌਲਤ ਹੈ। ਇਸ ਮੌਕੇ ਤੇ ਧਰਮ ਪਾਲ ਪੈਂਥਰ ਨੇ ਹਾਜ਼ਰੀਨ ਨੂੰ ਬਾਬਾ ਸਾਹਿਬ ਜੀ ਦੇ ਜਨਮ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਬਾਬਾ ਸਾਹਿਬ ਤੋਂ ਪਹਿਲਾਂ ਜਿਹੜੇ ਲੋਕ ਕਦੇ ਸਕੂਲਾਂ ਵਿੱਚ ਪੜ੍ਹ ਨਹੀਂ ਸੀ ਸਕਦੇ ਅੱਜ ਮਾਸਟਰ ਬਣਕੇ ਪੜ੍ਹਾ ਰਹੇ। ਜਿਹੜੇ ਲੋਕ ਕੋਰਟ ਕਚਿਹਰੀਆਂ ਅੰਦਰ ਗਵਾਹੀ ਨਹੀਂ ਸੀ ਦੇ ਸਕਦੇ ਉਹ ਜੱਜ, ਵਕੀਲ ਬਣਕੇ ਫੈਸਲੇ ਸੁਣਾ ਰਹੇ



ਹਨ। ਜਿਹਨਾਂ ਲੋਕਾਂ ਦੀ ਕੋਈ ਵੋਟ ਨਹੀਂ ਸੀ ਹੁੰਦੀ, ਪਿੰਡ ਦਾ ਪੰਚ ਨਹੀਂ ਸੀ ਬਣ ਸਕਦਾ ਅੱਜ ਮੰਤਰੀ, ਮੁੱਖ ਮੰਤਰੀ ਅਤੇ ਦੇਸ਼ ਦੇ ਉੱਚ ਆਹੁਦਿਆਂ ਤੇ ਬਿਰ-ਾਜਮਾਨ ਹਨ। ਜਿਨ੍ਹਾਂ ਲੋਕਾਂ ਕੋਲ ਇੱਕ ਇੰਚ ਜ਼ਮੀਨ ਨਹੀਂ ਸੀ ਅੱਜ ਉਹ ਮਹਿੰਗੇ ਸ਼ਹਿਰਾਂ ਵਿੱਚ ਕੋਠੀਆਂ ਦੇ ਮਾਲਕ, ਵੱਡੇ ਵੱਡੇ ਵਪਾਰੀ ਅਤੇ ਮਹਿੰਗੀਆਂ ਗੱਡੀਆਂ ਰੱਖੀਆਂ ਹੋਈਆਂ ਹਨ ਇਹ ਸਿਰਫ ਸਿਰਫ ਬਾਬਾ ਸਾਹਿਬ ਜੀ ਦੇ 40 ਸਾਲ ਦੇ ਸੰਘਰਸ਼ ਦੀ ਬਦੌਲਤ ਹੋਇਆ ਹੈ। ਭਾਰਤੀ ਸੰਵਿਧਾਨ ਦੇ ਲਾਗੂ ਹੋਣ ਨਾਲ ਹਜਾਰਾਂ ਸਾਲਾਂ ਤੋਂ ਸਮਾਜ ਵੱਲੋਂ ਦੁਰਕਾਰੇ ਲੋਕਾਂ ਨੂੰ ਸਮਾਨਤਾ, ਸੁਤੰਤਰਤਾ, ਭਾਈਚਾਰੇ ਅਤੇ ਨਿਆਂ ਦਾ ਅਧਿਕਾਰ ਮਿਲਿਆ। ਸ਼੍ਰੀ ਭਗਤ ਰਾਮ ਲੱਧੜ ਅਤੇ ਮੈਡਮ ਜਸਵੀਰ ਕੌਰ ਸੰਧੂ ਨੇ ਕਿਹਾ ਕਿ ਸਾਡੇ ਲਈ ਇਹ ਮਾਣ ਦੀ ਗੱਲ ਹੈ ਕਿ ਅਸੀਂ ਉਸ ਮਹਾਨ ਸ਼ਖਸ਼ੀਅਤ ਨੂੰ ਯਾਦ ਕਰ ਰਹੇ ਹਾਂ ਜਿਸਨੇ ਸਾਨੂੰ ਸਿੱਖਿਅਤ ਬਣੋ, ਸੰਘਰਸ਼ ਕਰੋ ਅਤੇ ਇੱਕਠੇ ਰਹੋ ਦਾ ਸੰਦੇਸ਼ ਅਤੇ ਸਾਡੀਆਂ ਗੁਲਾਮੀ ਦੀਆਂ ਬੇੜੀਆਂ ਨੂੰ ਤੋੜ ਕੇ ਮਾਣ ਸਨਮਾਨ ਦੀ ਜ਼ਿੰਦਗੀ ਜਿਊਣ ਦਾ ਮੌਕਾ ਦਿੱਤਾ। ਸ਼੍ਰੀ ਅਰਿਸਟੋਟਲ ਚੁੰਬਰ ਨੇ ਸਭ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਰੀਨੋ ਤੋਂ ਇਲਾਵਾ ਆਸ ਪਾਸ ਦੇ ਸ਼ਹਿਰਾਂ ਵਿੱਚ ਵੱਸਣ ਵਾਲੇ ਪਰਿਵਾਰਾਂ ਨਾਲ ਸੰਪਰਕ ਕਰਕੇ ਵੱਡੇ ਸਮਾਗਮ ਕਰਵਾਏ ਜਾਣਗੇ। ਇਸ ਮੌਕੇ ਤੇ ਚੁੰਬਰ ਪਰਿਵਾਰ ਵੱਲੋਂ ਚਾਹ ਪਕੌੜਿਆਂ ਦਾ ਲੰਗਰ ਲਗਾਇਆ ਗਿਆ। ਸਮਾਗਮ ਨੂੰ ਸਫਲ ਬਣਾਉਣ ਲਈ ਅਜੇ ਕੁਮਾਰ ਲੱਧੜ, ਉਂਕਾਰ ਚੰਦ ਬਸਰਾ, ਜੋਯਤੀ, ਸੁਮਨ ਬਾਲਾ, ਕਸ਼ਮੀਰ ਕੌਰ, ਨਮੀਸ਼ਾ ਚੁੰਬਰ, ਅਨਮੋਲ, ਰਾਜ ਕੁਮਾਰ ਸੰਧੂ ਅਤੇ ਰਾਜਿੰਦਰ ਕੌਰ ਸੰਧੂ ਆਦਿ ਨੇ ਅਹਿਮ ਭੂਮਿਕਾ ਨਿਭਾਈ।

**Report by dharam pal panther**

# ਸਾਹਿਤ ਕਲਮ ਵੱਲੋਂ ਕਵੀ ਦਰਬਾਰ 29 ਨੂੰ

**ਮੋਗਾ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ**

ਸਿੱਧੂ ਅਤੇ ਧਾਲੀਵਾਲ ਪਰਿਵਾਰ ਵਲੋ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਪਿਤਾ ਜੀ ਡਾ. ਬਲਦੇਵ ਸਿੰਘ ਸਿੱਧੂ ਜੀ ਆਪਣੀ ਸੰਸਾਰਕ ਯਾਤਰਾ ਮਿੱਤੀ 9 ਜੂਨ 2024 ਨੂੰ ਪੂਰੀ ਕਰ ਗਏ ਸਨ। ਉਹਨਾਂ ਦੀ ਯਾਦ ਵਿੱਚ ਸਹਿਜ ਪਾਠ ਦਾ ਭੋਗ 1 ਮਈ 2025,ਦਿਨ ਵੀਰਵਾਰ ਨੂੰ ਸਵੇਰੇ 10:00 ਵਜੇ ਗੁਰਦੁਆਰਾ ਸੇਵਾਸਰ, ਨਿਹਾਲ ਸਿੰਘ ਵਾਲਾ, ਮੋਗਾ ਵਿਖੇ ਪਵੇਗਾ।ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ।




# ਲੇਬਰ ਡੇ ਸੰਮੇਲਨ ਵਿਚ ਜੁਗਾੜੂ ਰੇਹੜਾ ਯੂਨੀਅਨ ਪਹੁੰਚੇਗੀ ਕਾਫਲੇ ਬੰਨ੍ਹਕੇ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਇਫਟੂ ਵਲੋਂ ਪਹਿਲੀ ਮਈ ਨੂੰ ਵਿਸ਼ਵਕਰਮਾ ਮੰਦਰ ਨਵਾਂਸ਼ਹਿਰ ਵਿਖੇ ਕੀਤੇ ਜਾ ਰਹੇ ਕਿਰਤੀ ਸੰਮੇਲਨ ਵਿਚ ਜੁਗਾੜੂ ਰੇਹੜਾ ਵਰਕਰ ਯੂਨੀਅਨ ਸ਼ਮੂਲੀਅਤ ਕਰੇਗੀ।ਇਸਦੀ ਤਿਆਰੀ ਸਬੰਧੀ ਯੂਨੀਅਨ ਦੀ ਮੀਟਿੰਗ ਨਵਾਂਸ਼ਹਿਰ ਵਿਖੇ ਜਿਲਾ ਪ੍ਰਧਾਨ ਨਿੱਕੂ ਰਾਮ ਦੀ ਪ੍ਰਧਾਨਗੀ ਹੇਠ ਕੀਤੀ ਗਈ।ਇਸ ਮੌਕੇ ਇਫਟੂ ਦੇ ਜਿਲਾ ਸਕੱਤਰ ਪਰਵੀਨ ਕੁਮਾਰ ਨਿਰਾਲਾ ਅਤੇ ਨਿੱਕੂ ਰਾਮ ਨੇ ਕਿਹਾ ਕਿ ਮਈ ਦਿਹਾੜੇ ਦੇ ਸ਼ਹੀਦਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਮਜਦੂਰ ਵਰਗ ਲਈ ਇਹ ਸੱਭਤੋਂ ਵਧ ਇਤਿਹਾਸਕ



ਮਹੱਤਤਾ ਵਾਲਾ ਦਿਨ ਹੈ। ਇਸ ਮੌਕੇ ਬੀਰ ਬਹਾਦਰ ਨੇ ਵੀ ਵਿਚਾਰ ਪ੍ਰਗਟਾਏ।

# ਅਨਾਗਰਿਕਾ ਧਰਮਪਾਲ ਇੱਕ ਮਸ਼ਹੂਰ ਬੋਧੀ ਭਿਕਸ਼ੂ

**ਸਮਾਜ ਵੀਕਲੀ ਯੂ ਕੇ-**
ਅਨਾਗਰਿਕਾ ਧਰਮਪਾਲ ਇੱਕ ਮਸ਼ਹੂਰ ਬੋਧੀ ਭਿਕਸ਼ੂ ਸੀ। ਉਨ੍ਹਾਂ ਦਾ ਜਨਮ 17 ਸਤੰਬਰ, 1864 ਨੂੰ ਲੰਕਾ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਦਾ ਨਾਮ ਡੌਨ ਕੈਰੋਲਿਨਸ ਹੇਵਾਵਿਥਰਨ ਅਤੇ ਮਾਤਾ ਦਾ ਨਾਮ ਮਲਿਕਾ ਸੀ। ਪਹਿਲੇ ਅਨਾਗਰਿਕਾ ਧਰਮਪਾਲ ਦਾ ਨਾਂ 'ਦਾਨ ਡੇਵਿਡ' ਸੀ। ਆਪਣੇ ਸਿੱਖਿਆ ਦੇ ਦਿਨਾਂ ਤੋਂ ਹੀ, ਉਸਨੇ ਈਸਾਈ ਸਕੂਲਾਂ ਵਿੱਚ ਪੜ੍ਹਾਈ, ਯੂਰਪੀ ਜੀਵਨ ਢੰਗ ਅਤੇ ਵਿਦੇਸ਼ੀ ਸ਼ਾਸਨ ਪ੍ਰਤੀ ਨਫ਼ਰਤ ਪੈਦਾ ਕਰ ਲਈ ਸੀ।



ਆਪਣੀ ਸਿੱਖਿਆ ਪੂਰੀ ਕਰਨ ਤੋਂ ਬਾਅਦ, ਉਸਨੇ ਪਾਲੀ ਭਾਸ਼ਾ ਸਿੱਖੀ ਅਤੇ ਪ੍ਰਸਿੱਧ ਬੋਧੀ ਵਿਦਵਾਨ ਮਹਾਸਥਵੀਰ ਭਦੰਤ ਹਿਵਾਕਦੂਵੇ ਸ਼੍ਰੀਸੁਮੰਗਲ ਤੋਂ ਬੁੱਧ ਧਰਮ ਦੀ ਦੀਖਿਆ ਲਈ ਅਤੇ ਆਪਣਾ ਨਾਮ ਬਦਲ ਕੇ 'ਅਨਾਗਰਿਕ (ਸੰਨਿਆਸੀ) ਧਰਮਪਾਲ' ਰੱਖ ਲਿਆ।

ਅਨਾਗਰਿਕਾ ਧਰਮਪਾਲ ਨੇ ਜਨਤਕ ਪ੍ਰਚਾਰ ਦੇ ਕੰਮ ਲਈ ਇੱਕ ਮੋਟਰ ਬੱਸ ਨੂੰ ਆਪਣੇ ਘਰ ਵਿੱਚ ਬਦਲਿਆ ਅਤੇ ਇਸਦਾ ਨਾਮ 'ਸ਼ੋਭਨ ਮਾਲੀਗਾਓਂ' ਰੱਖਿਆ ਅਤੇ ਬੁੱਧ ਧਰਮ ਦਾ ਸੰਦੇਸ਼ ਫੈਲਾਉਣ ਲਈ ਪਿੰਡ ਤੋਂ ਪਿੰਡ ਯਾਤਰਾ ਕੀਤੀ।

ਪਹਿਲੇ ਵਿਸ਼ਵ ਯੁੱਧ ਦੌਰਾਨ, ਉਸਨੂੰ ਕਲਕੱਤਾ (ਮੌਜੂਦਾ ਕੋਲਕਾਤਾ) ਵਿੱਚ ਪੰਜ ਸਾਲਾਂ ਲਈ ਨਜ਼ਰਬੰਦ ਕੀਤਾ ਗਿਆ ਸੀ।

ਅਨਾਗਰਿਕਾ ਧਰਮਪਾਲ ਦੇ ਯਤਨਾਂ ਸਦਕਾ ਮਹਾਬੋਧੀ ਸਭਾ (ਮਹਾਬੋਧੀ ਸੁਸਾਇਟੀ) ਦੀ ਸਥਾਪਨਾ ਹੋਈ।

ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ, ਮੈਰੀ ਫੋਸਟਰ ਨਾਮ ਦੀ ਇੱਕ ਵਿਦੇਸ਼ੀ ਔਰਤ ਨੇ ਮਹਾਬੋਧੀ ਸੋਸਾਇਟੀ ਨੂੰ ਲਗਭਗ ਪੰਜ ਲੱਖ ਰੁਪਏ ਦਾਨ ਕੀਤੇ।

13 ਜੁਲਾਈ, 1931 ਨੂੰ, ਅਨਾਗਰਿਕਾ ਧਰਮਪਾਲ ਨੇ ਤਿਆਗ ਦੀ ਸਹੁੰ ਚੁੱਕੀ ਅਤੇ ਉਨ੍ਹਾਂ ਦਾ ਨਾਮ 'ਦੇਵਮਿਤ ਧਰਮਪਾਲ' ਹੋ ਗਿਆ।

16 ਜਨਵਰੀ 1933 ਨੂੰ ਉਨ੍ਹਾਂ ਦਾ ਤਿਆਗ ਸੰਪੂਰਨ ਹੋਇਆ ਅਤੇ ਉਨ੍ਹਾਂ ਨੇ ਉਪਸਪਦ ਗ੍ਰਹਿਣ ਕੀਤਾ ਤਾਂ ਉਨ੍ਹਾਂ ਦਾ ਨਾਮ 'ਭਿਖਸ਼ੂ ਸ਼੍ਰੀ ਦੇਵਮਿਤ ਧਰਮਪਾਲ' ਪੈ ਗਿਆ।

'ਅਨਾਗਰਿਕ ਧਰਮਪਾਲ ਜੀ ਨੇ ਆਪਣਾ ਸਾਰਾ ਜੀਵਨ ਬੁੱਧ ਧੰਮ ਲਹਿਰ ਨੂੰ ਸੁਰਜੀਤ ਕਰਨ ਲਈ ਸਮਰਪਿਤ ਕਰ ਦਿੱਤਾ ਅਤੇ ਬੁੱਧ ਧੰਮ ਨੂੰ ਵਿਸ਼ਵ ਧਰਮ ਬਣਾਉਣ ਦੀ ਕੋਸ਼ਿਸ਼ ਕੀਤੀ।

ਧਰਮਪਾਲ ਜੀ ਨੇ ਭਾਰਤ ਦੀ ਬੋਧੀ ਵਿਰਾਸਤ ਨੂੰ ਬ੍ਰਾਹਮਣਵਾਦੀ ਆਤੰਕ ਤੋਂ ਮੁਕਤ ਕਰਨ ਦਾ ਮਹਾਨ ਕੰਮ ਕੀਤਾ।

ਅਨਾਗਰਿਕ ਧਰਮਪਾਲ ਨੇ 29 ਅਪ੍ਰੈਲ, 1933 ਨੂੰ 69 ਸਾਲ ਦੀ ਉਮਰ ਵਿੱਚ ਨਿਰਵਾਣ ਪ੍ਰਾਪਤ ਕੀਤਾ। ਉਨ੍ਹਾਂ ਦੀਆਂ ਅਸਥੀਆਂ ਨੂੰ 'ਮੂਲਗੰਧਾ ਕੁਟੀ ਵਿਹਾਰ' ਦੇ ਕੋਲ ਇੱਕ ਛੋਟੇ ਪੱਥਰ ਦੇ ਸਤੂਪ ਵਿੱਚ ਰੱਖਿਆ ਗਿਆ ਸੀ।

ਅੰਗਾਰਿਕ ਧਰਮਪਾਲ ਜੀ ਦੇ ਬਲੀਦਾਨ ਅਤੇ ਸਮਰਪਿਤ ਜੀਵਨ ਨੂੰ ਨਿਮਰਤਾਪੂਰਵਕ ਸਲਾਮ!!!

# ਕਿਧਰੇ ਤੁਸੀਂ ਅਲੈਕਸੀਥਾਈਮੀਆ ਤੋਂ ਪੀੜਤ ਤਾਂ ਨਹੀਂ..

ਜਦੋਂ ਕੋਈ ਵਿਅਕਤੀ ਆਪਣੀ ਭਾਵਨਾਵਾਂ ਨੂੰ ਪਛਾਨਣ ਜਾਂ ਬਿਆਨ ਕਰਨ ਵਿੱਚ ਅਸਮਰਥ ਮਹਿਸੂਸ ਕਰੇ, ਜਾਂ ਵਿਅਕਤੀ ਡਿਪਰੈਸ਼ਨ ਦਾ ਸ਼ਿਕਾਰ ਹੋਵੇ।1972 ਵਿੱਚ ਇਹ ਸ਼ਬਦ ਸਿਫਨਿਓਸ ਦੁਆਰਾ ਚਰਚਾ ਵਿੱਚ ਆਇਆ ਤੇ ਇਹ ਗ੍ਰੀਕ ਸ਼ਬਦ ਹੈ ਜਿਸ ਦਾ ਮਤਲਬ ਹੈ ਆਪਣੀ ਫੀਲਿੰਗਸ ,ਭਾਵਨਾਵਾਂ , ਵਿਚਾਰਾਂ ਨੂੰ ਚੰਗੀ ਤਰ੍ਹਾਂ ਬਿਆਨ ਨਾ ਕਰ ਪਾਣਾ। ਅਜਿਹਾ ਵਿਅਕਤੀ ਆਮ ਤੌਰ ਤੇ ਜੋ ਵੀ ਸਮੱਸਿਆ ਉਸ ਨਾਲ ਵਾਪਰ ਰਹੀ ਹੈ ਉਸ ਨੂੰ ਮਹਿਸੂਸ ਚੰਗੀ ਤਰ੍ਹਾਂ ਨਹੀਂ ਕਰ ਪਾਉਂਦਾ ਹੈ। ਇਹ ਇੱਕ ਨਿਊਰੋ ਸਾਈਕੋਲੋਜੀਕਲ ਘਟਨਾ ਹੈ। ਇਹ ਤਕਰੀਬਨ 25 ਤੋਂ 30% ਆਬਾਦੀ ਵਿੱਚ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਕੋਈ ਵੀ ਮਰਦ ਜਾਂ ਇਸਤਰੀ ਜੇ ਕਿਸੇ ਨਾਲ ਗੱਲ ਕਰਦਾ ਹੈ ਤਾਂ ਆਪਣੀ ਗੱਲ ਨੂੰ ਚੰਗੀ ਤਰ੍ਹਾਂ ਉਹ ਬਿਆਨ ਨਹੀਂ ਕਰ ਪਾਉਂਦਾ ਹੈ, ਜਿਸ ਕਰਕੇ ਸਾਹਮਣੇ ਵਾਲਾ ਉਸ ਦੀ ਕੋਈ ਵੀ ਗੱਲ ਤੇ ਕੋਈ ਤਰਕ ਵੀ ਨਹੀਂ ਦੇ ਪਾਉਂਦਾ ਹੈ। ਮੰਨ ਲਵੋ ਜੇ ਕਿਸੇ ਮਰਦ ਨੂੰ ਮਰਦਾਨਾ ਕਮਜ਼ੋਰੀ ਹੈ ਉਹ ਆਪਣੀ ਖੁੱਲ ਕੇ ਗੱਲ ਆਪਣੇ ਦੋਸਤ ਜਾਂ ਦਿਲੋਂ ਕਰੀਬੀ ਨੂੰ ਦਹੀਂ ਦੱਸ ਪਾਉਂਦਾ ਹੈ ਚਾਹੇ ਕੋਈ ਔਰਤ ਹੈ ਜਿਸ ਨੂੰ ਮਹਾਂਵਾਰੀ ਸਮੇਂ ਸਿਰ ਨਹੀਂ ਆਉਂਦੀ ਹੈ ਉਹ ਆਪਣੀ ਮਾਂ ਜਾਂ ਸਹੇਲੀ ਨੂੰ ਉਸ ਗੱਲ ਬਾਰੇ ਚੰਗੀ ਤਰ੍ਹਾਂ ਬਿਆਨ ਨਹੀਂ ਕਰ ਪਾਉਂਦੀ ਹੈ। ਅਜਿਹਾ ਪੀੜਿਤ ਵਿਅਕਤੀ ਚਾਹੇ ਉਹ ਮਰਦ ਹੈ ਜਾਂ ਔਰਤ ਹੈ ਡਾਕਟਰ ਨੂੰ ਵੀ ਆਪਣੀ ਸ਼ਰੀਰਕ ਸਮੱਸਿਆ ਬਾਰੇ ਚੰਗੀ ਤਰ੍ਹਾਂ ਨਹੀਂ ਦੱਸ ਪਾਉਂਦਾ ਹੈ। ਫਿਰ ਡਾਕਟਰ ਵੀ ਉਸ ਵਿਅਕਤੀ ਦਾ ਸਹੀ ਤਰੀਕੇ ਨਾਲ ਇਲਾਜ ਨਹੀਂ ਕਰ ਪਾਉਂਦਾ ਹੈ। ਇੱਕ ਤਰ੍ਹਾਂ ਦਾ ਡਰ ਉਸਦੇ ਮਨ ਅੰਦਰ ਬੈਠਾ ਹੁੰਦਾ ਹੈ। ਕਿ ਸਾਹਮਣੇ ਵਾਲਾ ਉਸ ਦੇ ਬਾਰੇ ਕੀ ਸੋਚੇਗਾ। ਅਲੈਕਸਿਥੀਮੀਆ ਇੱਕ ਮਨੋਵਿਗਿਆਨਿਕ ਸਥਿਤੀ ਹੈ। ਕਈ ਵਾਰ ਅਜਿਹਾ ਵਿਅਕਤੀ ਪਰਿਵਾਰ ਵਿੱਚ ਸਾਰਿਆਂ ਲਈ ਮੁਸੀਬਤ ਬਣ ਜਾਂਦਾ ਹੈ । ਪਰਿਵਾਰ ਲਈ ਇਹ ਇੱਕ ਚੁਣੌਤੀ ਹੋ ਸਕਦੀ ਹੈ। ਸਮਾਜ ਵਿੱਚ ਕੀ ਵਾਪਰ ਰਿਹਾ ਹੈ, ਦੁਨੀਆਂ ਵਿੱਚ ਕੀ ਹੋ ਰਿਹਾ ਹੈ, ਪੀੜਿਤ ਵਿਅਕਤੀ ਉਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਵੀ ਨਹੀਂ ਪਾਉਂਦਾ ਹੈ। ਅਜਿਹੇ ਵਿਅਕਤੀ ਨਾਲ ਜੇ ਬਾਹਰ ਕੁਝ ਵਾਪਰਦਾ ਹੈ ਤਾਂ ਉਹ ਆਪਣੇ ਘਰ ਆ ਕੇ ਆਪਣੇ ਮਾਂ ਬਾਪ ਜਾਂ ਆਪਣੇ ਪਰਿਵਾਰ ਨੂੰ ਉਸ ਗੱਲ ਬਾਰੇ ਚੰਗੀ ਤਰ੍ਹਾਂ ਦੱਸ ਨਹੀਂ ਪਾਉਂਦਾ ਹੈ ਕਿ ਮੇਰੇ ਨਾਲ ਕਿ ਵਾਪਰਿਆ ਹੈ। ਅਜਿਹੇ



ਪੀੜਿਤ ਵਿਅਕਤੀ ਨੂੰ ਜੇ ਕੋਈ ਬੰਦਾ ਥੱਪੜ ਵੀ ਮਾਰ ਦੇਵੇ ਤਾਂ ਵੀ ਅੱਗੇ ਤੋਂ ਉਹ ਜਵਾਬ ਨਹੀਂ ਦੇਵੇਗਾ, ਕਿ ਤੂੰ ਮੇਰੇ ਥੱਪੜ ਕਿਉਂ ਮਾਰਿਆ? ਅੰਦਰ ਹੀ ਅੰਦਰ ਘੁਟਦਾ ਰਹਿੰਦਾ ਹੈ। ਜੇ ਕਿਸੇ ਸੱਜਣ ਮਿੱਤਰ ਦੇ ਘਰ ਕੋਈ ਅਣਹੋਣੀਂ ਘਟਨਾ ਵੀ ਵਾਪਰ ਜਾਂਦੀ ਹੈ ਤਾਂ ਅਲੈਕਸਿਥੀਮੀਆ ਪੀੜਿਤ ਵਿਅਕਤੀ ਉਸ ਦੀ ਭਾਵਨਾਵਾਂ ਨੂੰ ਸਮਝ ਨਹੀਂ ਪਾਉਂਦਾ ਹੈ, ਉਸ ਨੂੰ ਹੱਲਾਸ਼ੇਰੀ ਵੀ ਨਹੀਂ ਦੇ ਪਾਉਂਦਾ ਹੈ। ਜੇ ਕਿਥੇ ਖੁਸ਼ੀ ਦਾ ਮਾਹੌਲ ਹੁੰਦਾ ਹੈ ਤਾਂ ਅਜਿਹਾ ਪੀੜਿਤ ਵਿਅਕਤੀ ਉਸ ਪਰਿਵਾਰ ਨੂੰ ਵਧਾਈ ਤੱਕ ਵੀ ਨਹੀਂ ਦੇ ਪਾਉਂਦਾ ਹੈ ਕਿਉਂਕਿ ਉਸਨੂੰ ਖੁਸ਼ੀ ਗਮੀ ਦਾ ਅਨੁਭਵ ਹੀ ਨਹੀਂ ਹੁੰਦਾ ਹੈ। ਅਕਸਰ ਵਿਆਹਾਂ ਵਿੱਚ ਜਾ ਕੇ ਅਜਿਹਾ ਵਿਅਕਤੀ ਆਨੰਦ ਮਹਿਸੂਸ ਵੀ ਨਹੀਂ ਕਰ ਪਾਉਂਦਾ ਹੈ।ਸਿੱਧੇ ਤੌਰ ਤੇ ਕਹਿ ਸਕਦੇ ਹਾਂ ਕਿ ਅਲੈਕਸੀਥਾਈਮੀਆ ਵਾਲੇ ਲੋਕਾਂ ਦੀਆਂ ਭਾਵਨਾਵਾਂ ਨੂੰ ਚੰਗੀ ਤਰ੍ਹਾਂ ਸਮਝ ਨਹੀਂ ਪਾਉਂਦੇ ਹਨ। ਜਾਂ ਉਹਨਾਂ ਦੀ ਭਾਵਨਾਵਾਂ ਦੀ ਕਦਰ ਨਹੀਂ ਕਰ ਪਾਉਂਦੇ , ਚਾਹੇ ਉਹ ਜਿੰਨੀ ਮਰਜ਼ੀ ਕੋਸ਼ਿਸ਼ ਕਰ ਲੈਣ। ਜੇ ਕਿਥੇ ਕੋਈ ਦੁਰਘਟਨਾ ਹੋ ਜਾਵੇ ਜਾਂ ਮੌਤ ਹੋ ਜਾਵੇ ਤਾਂ ਉਹ ਉਸ ਪਰਿਵਾਰ ਨਾਲ ਹਮਦਰਦੀ ਵੀ ਵਿਅਕਤ ਨਹੀਂ ਕਰ ਸਕਦੇ, ਕਹਿਣ ਦਾ ਮਤਲਬ ਹੈ ਕਿ ਉਹਨਾਂ ਕੋਲ ਸ਼ਬਦ ਹੀ ਨਹੀਂ ਹੁੰਦੇ ਕਿ ਉਹਨਾਂ ਨੇ ਕਿਸ ਤਰ੍ਹਾਂ ਕਿਸੇ ਦਾ ਦੁੱਖ ਸਾਂਝਾ ਕਰਨਾ ਹੈ।

ਜੇਕਰ ਸਾਡੇ ਪਰਿਵਾਰ ਵਿੱਚ ਕੋਈ ਇਸ ਤਰ੍ਹਾਂ ਦਾ ਮਰੀਜ਼ ਹੁੰਦਾ ਉਸ ਨੂੰ ਤੁਰੰਤ ਮਾਹਿਰਾਂ ਕੋਲ ਲੈ ਕੇ ਜਾਓ ਤਾਂ ਜੋ ਉਹ ਉਸਦੀ ਕੌਂਸਲਿੰਗ ਕਰਨ ,ਮੈਡੀਕਲ ਟਰੀਟਮੈਂਟ,ਰਾਹੀਂ ਵੀ ਅਜਿਹਾ ਵਿਅਕਤੀ ਠੀਕ ਹੋ ਸਕਦਾ ਹੈ। ਥੈਰੇਪੀ ਨਾਲ ਵੀ ਇਸਦਾ ਅੱਜਕੱਲ ਇਲਾਜ ਸੰਭਵ ਹੈ । ਅਜਿਹੇ ਵਿਅਕਤੀ ਨਾਲ ਵੱਧ ਤੋਂ ਵੱਧ ਸਮਾਂ ਗੁਜ਼ਾਰੋ, ਉਸਨੂੰ ਖੁਸ਼ੀ ,ਗਮੀ ਮੌਕੇ ਲੈ ਕੇ ਜਾਓ ,ਉਸ ਨੂੰ ਆਪਣੇ ਪਰਿਵਾਰ ਵਿੱਚ ਬਿਠਾਓ ,ਜਿੱਥੇ ਸਾਰੇ ਰਲ ਬੈਠ ਕੇ ਗੱਲਾਂ ਕਰਦੇ ਹੋਣ। ਤੁਹਾਡੀਆਂ ਗੱਲਾਂ ਨੂੰ ਉਹ ਸਮਝੇਗਾ ਜੇ ਉਸਨੂੰ ਸਮਝ ਨਹੀਂ ਆ ਰਹੀ ਤਾਂ ਉਸਨੂੰ ਤੁਸੀਂ ਪਿਆਰ ਨਾਲ ਸਮਝਾਓ, ਜਲਦੀ ਅਜਿਹਾ ਮਰੀਜ਼ ਇਸ ਪੀੜਿਤ ਬਿਮਾਰੀ ਤੋਂ ਬਾਹਰ ਨਿਕਲ ਜਾਵੇਗਾ।



**ਸੰਜੀਵ ਸਿੰਘ ਸੈਣੀ,**
**ਮੋਹਾਲੀ,7888966168**

# ਅੰਬੇਡਕਰਵਾਦ ’ਤੇ ਹੋ ਰਹੇ ਹਮਲਿਆਂ ਬਾਰੇ ਪੜਚੋਲ ਕਰਨ ਦੀ ਲੋੜ?

ਵੀਹਵੀਂ ਸਦੀ ਦੇ ਮਹਾਨ ਚਿੰਤਕ ਤੇ ਮਾਰਗ ਦਰਸ਼ਕ ਡਾ. ਬਾਬਾ ਸਾਹਿਬ ਅੰਬੇਡਕਰ ਅੱਜ ਸਿਧਾਂਤਕ ਖੇਤਰ ਵਿਚ ਇਕ ਨਵੀ ਸੋਚ ਅਤੇ ਵਿਚਾਰਧਾਰਾ ਕਾਰਨ ‘ਅੰਬੇਡਕਰਵਾਦ’ ਬਣ ਗਏ ਹਨ। ਦੇਸ਼-ਵਿਦੇਸ਼ ਦੇ ਵੱਖ-ਵੱਖ ਰਾਜਾਂ ਦੀਆਂ ਯੂਨੀਵਰਸਟੀਆਂ, ਕਾਲਜਾਂ ਵਿਚ ਅੰਬੇਡਕਰਵਾਦ ’ਤੇ ਹੋ ਰਹੀਆਂ ਖੋਜਾਂ ਤੇ ਆਯੋਜਿਤ ਸੈਮੀਨਾਰਾਂ ਵਿਚ ਹੋਈਆਂ ਬਹਿਸਾਂ, ਜੋ ਮਨੂੰਵਾਦੀ ਉੱਚ ਜਾਤਾਂ ਦੀਆਂ ਉਮੀਦਾਂ ਦੇ ਉਲਟ ਸਨ ਤੇ ਅੱਜ ਵੀ ਹਨ, ਨੇ ਭਾਰਤ ਦੇ ਦਲਿਤ ਸ਼ੋਸ਼ਿਤ ਮਜ਼ਦੂਰਾਂ ਕਿਸਾਨ ਅਤੇ ਔਰਤਾਂ ਦੀ ਬੋਧਿਕਤਾ ਨੂੰ ਨਵੀ ਦਿਸ਼ਾ ਦੇਣੀ ਸ਼ੁਰੂ ਕੀਤੀ ਹੋਈ ਹੈ। ਡਾ.ਅੰਬੇਡਕਰ ਭਾਰਤ ਦੇ ਕਾਰਲ ਮਾਰਕਸ ਮੰਨੇ ਜਾਣ ਲੱਗੇ ਹਨ। ਉਨ੍ਹਾਂ ਦੀਆਂ ਲਿਖਤਾਂ ਦਾ ਭਾਰਤ ਦੇ ਹਰੇਕ ਮਸਲੇ ਦੇ ਹੱਲ ਲਈ ਹਵਾਲਾ ਦਿੱਤਾ ਜਾਂਦਾ ਹੈ। ਹੁਣ ਉਨਾਂ ਨੂੰ ਰਾਜਨੀਤਕ ਅਤੇ ਸਮਾਜੀ ਵਿਚਾਰ ਚਰਚਾ ਦੇ ਖੇਤਰਾਂ ਵਿਚ ਸੰਸਾਰ ਭਰ ਦੇ ਮਾਹਿਰ ਵਿਦਵਾਨਾਂ ਦੇ ਤੌਰ ’ਤੇ ਵੱਧ ਤੋਂ ਵੱਧ ਪੇਸ਼ ਕੀਤਾ ਜਾਣ ਲੱਗਾ ਹੈ। ਡਾ. ਅੰਬੇਡਕਰ ਦੇ ਇਸੇ 134ਵੇਂ ਜਨਮ ਉਤਸਵ ਵਾਲੇ ਹਫਤੇ ਵਿੱਚ ਹੀ ਅਲੀਗੜ੍ਹ ’ਚ ਇੱਕ ਨੌਜ਼ਵਾਨ ਵਲੋਂ ਜੈ ਭੀਮ ਬੋਲਣ ਉਤੇ ਉਸਨੂੰ ਕੁੱਟ ਕੁੱਟਕੇ ਅੱਧਮੋਇਆ ਕਰ ਦਿੱਤਾ ਗਿਆ। ਉਤਰ ਪ੍ਰਦੇਸ਼ ਦੇ ਬੁਲੰਦਪੁਰ ਸ਼ਹਿਰ ਵਿੱਚ ਚਾਰ ਦਲਿਤਾਂ ਨੂੰ ਥਾਰ ਗੱਡੀ ਹੇਠਾਂ ਦਰੜ ਦਿੱਤਾ, ਜਿਸ ’ਚ ਇੱਕ ਔਰਤ ਦੀ ਮੌਤ ਹੋ ਗਈ। ਜਲੌਰ ਜ਼ਿਲ੍ਹਾ ਦੇ ਹਰਿਆਲੀ ਪਿੰਡ ਵਿੱਚ ਦਲਿਤ ਲਾੜੇ ਨੂੰ ਉਚ ਜਾਤੀ ਦਬੰਗ ਜਬਰਦਸਤੀ ਘੋੜੀ ਤੋਂ ਉਤਾਰ ਕੇ ਆਪਣੇ ਨਾਲ ਲੈ ਗਏ ਤੇ ਉਸ ਦੀ ਕੁੱਟ-ਮਾਰ ਕੀਤੀ ਗਈ। ਸਤਨਾ ਜ਼ਿਲ੍ਹੇ ਦੇ ਇੱਕ ਪਿੰਡ ਦੀ ਦਲਿਤ ਸਰਪੰਚ ਨੂੰ ਕੁਰਸੀ ’ਤੇ ਨਹੀਂ ਬੈਠਣ ਦਿੱਤਾ ਗਿਆ। ਮੇਧਪੁਰ ਦੇ ਇੱਕ ਇੱਟਾਂ ਦੇ ਭੱਠੇ ’ਤੇ ਇੱਕ ਦਲਿਤ ਨੌਜਵਾਨ ਵੱਲੋਂ ਪਾਣੀ ਦੇ ਮਟਕੇ ਨੂੰ ਛੂਹਣ ਤੇ ਉਸ ਨੂੰ ਬੇਰਹਿਮੀ ਨਾਲ ਕੁੱਟਿਆ-ਮਾਰਿਆ ਗਿਆ ਤੇ ਸਾਰੀ ਰਾਤ ਉਸ ਨੂੰ ਬੰਨ ਕੇ ਰੱਖਿਆ ਗਿਆ। ਅਜਮੇਰ ਦੇ ਸ਼੍ਰੀ ਨਗਰ ਥਾਣੇ ਦੇ ਲਵੇਰਾ ਪਿੰਡ ਨਿਵਾਸੀ ਨਰੈਣ ਰਹਿਗਰ ਦੀ ਬਰਾਤ ਉਚ ਜਾਤੀਆਂ ਨੇ ਨਹੀਂ ਨਿਕਲਣ ਦਿੱਤੀ। ਇੰਦੌਰ ਜ਼ਿਲ੍ਹੇ ਦੇ ਇੱਕ ਦਲਿਤ ਲਾੜੇ ਨੂੰ ਮੰਦਰ ਵਿੱਚ ਜਾ ਕੇ ਮੱਥਾ ਟੇਕਣ ਤੋਂ ਰੋਕਿਆ ਗਿਆ। ਸੋਹਾਨਾ ਦੇ ਪਿੰਡ ਬਾਦਸ਼ਾਹਪੁਰ ਵਿੱਚ ਇੱਕ ਦਲਿਤ ਨੇ ਘੋੜੀ ’ਤੇ ਚੜ੍ਹ ਕੇ ਵਿਆਹਉਣ ਜਾਣ ਦੀ ਜੁਰਅਤ ਕੀਤੀ ਤਾਂ ਉਚ ਜਾਤੀਆਂ ਨੇ ਉਸ ਉਤੇ ਪਥਰਾਓ ਕਰਕੇ 10 ਬਰਾਤੀਆਂ ਨੂੰ ਜਖ਼ਮੀ ਕਰ ਦਿੱਤਾ। ਬਾਂਦਾ ਜ਼ਿਲ੍ਹੇ ਵਿੱਚ ਇੱਕ ਦਲਿਤ ਔਰਤ ਨੇ ਸਾਂਝੇ ਘੜੇ ’ਚੋਂ ਪਾਣੀ ਪੀਣ ਦੀ ਜੁਰਅਤ ਕੀਤੀ ਤਾਂ ਉਸ ਦੇ ਥੱਪੜ ਮਾਰੇ ਗਏ। ਬੈਲੂਰ ਜ਼ਿਲ੍ਹੇ ਦੇ ਨਰੈਣਪੁਰਮ ਜ਼ਿਲ੍ਹੇ ਵਿੱਚ ਇੱਕ ਦਲਿਤ ਦੀ ਮੌਤ ਤੋਂ ਬਾਅਦ ਅੰਤਿਮ ਸੰਸਕਾਰ ਲਈ ਉਸ ਦੀ ਲਾਸ਼ ਨੂੰ ਆਮ ਸੜਕ ਉਤੇ ਲਿਜਾਇਆ ਜਾ ਰਿਹਾ ਸੀ ਤਾਂ ਉਚਜਾਤੀਆਂ ਨੇ ਜਾਣ ਨਾ ਦਿੱਤਾ, ਉਚ ਜਾਤੀਆਂ ਨੇ ਸੜਕ ਬੰਦ ਕਰ ਦਿੱਤੀ ਤਾਂ ਦਲਿਤ ਬਜ਼ੁਰਗ ਦੀ ਲਾਸ਼ ਨੂੰ ਪੁੱਲ ਤੋਂ ਨੀਚੇ ਲਟਕਾ ਕੇ ਨਦੀ ਵਿੱਚ ਬਹਾਉਣਾ ਪਿਆ।

ਅਜ਼ਾਦੀ ਦੇ 76 ਸਾਲ ਬਾਅਦ ਵੀ ਦਲਿਤਾਂ ਦੀ ਇਹ ਹਾਲਤ ਹੋਵੇ ਫਿਰ ਵੀ ਡਾ. ਅੰਬੇਡਕਰ ਦੇ ਜਨਮ ਉਤਸਵ ਮੌਕੇ ਵੱਡੇ ਵੱਡੇ ਡੀ ਜੇ ਲਾ ਕੇ, ਉਚੇ ਉਚੇ ਢੋਲ-ਢਮੱਕੇ ਕਰਕੇ, ਸਟੇਜਾਂ ਉੱਤੇ ਗਿੱਧੇ-ਭੰਗੜੇ ਪਾ ਕੇ, ਆਪਣੇ ਉਤੇ ਨੋਟਾਂ ਦੀ ਬਾਰਸ਼ ਕਰਵਾਕੇ, ਇੱਕ ਜਾਤ ਦੀ ਅਣਖ ਗਾਉਣਾ, ਡਾ. ਅੰਬੇਡਕਰ ਦੀ ਸੋਭਾ ਕਰਨਾ ਨਹੀਂ, ਬਾਕੀ 6 ਹਜ਼ਾਰ ਦਲਿਤ ਜਾਤੀਆਂ ਦਾ ਬਾਰ ਬਾਰ ਅਪਮਾਨ ਕਰਨਾ ਹੈ। ਇਹ ਡਾ. ਅੰਬੇਡਕਰ ਦਾ ਮਿਸ਼ਨ ਨਹੀਂ? ਮਨੂੰਵਾਦ ਦਾ ਫ਼ਲਸਫ਼ਾ ਹੈ। ਮਨੂੰਵਾਦ ਇਸੇ ਤਰ੍ਹਾਂ ਹੀ ਮਨੁੱਖਤਾ ਨੂੰ ਜਾਤਾਂ-ਮਜ਼ਹਬਾਂ ਵਿੱਚ ਵੰਡ ਕੇ ਰਾਜ ਕਰਦਾ ਹੈ। ਦੁੱਖ ਤਾਂ ਇਹ ਹੈ ਕਿ ਡਾ. ਅੰਬੇਡਕਰ ਦੇ ਜਨਮ ਉਤਸਵ ਮੌਕੇ ਤੇ ਹੀ ਦਲਿਤਾਂ ਉਤੇ 10 ਦਿਨਾਂ ਵਿੱਚ ਹੀ ਦਰਜਨਾਂ ਅੱਤਿਆਚਾਰਾਂ ਦੀਆਂ ਘਟਨਾਵਾਂ ਘੱਟੀਆਂ ਹੋਣ, ਫਿਰ ਵੀ ਕਿਸੇ ਅਣਖੀ ਦੀ ਅਣਖ ਨਾ ਜਾਗੇ, ਕੋਈ ਅਣਖੀ ਦਲਿਤਾਂ ਉੱਤੇ ਕੀਤੇ ਗਏ ਅੱਤਿਆਚਾਰਾਂ ਖਿਲਾਫ਼ ਕੋਈ ਅੰਦੋਲਨ ਨਾ ਕਰੇ, ਜਿਵੇਂ ਡਾ. ਅੰਬੇਡਕਰ ਅੰਦੋਲਨ ਕਰਦੇ ਸਨ ਤਾਂ ਦੁੱਖ ਤਾਂ ਹੋਵੇਗਾ ਹੀ?




**ਐਸ ਐਲ ਵਿਰਦੀ**
**ਐਡਵੋਕੇਟ**
**ਮੋ. 98145 17499**
**ਜੀ ਟੀ ਰੋਡ, ਸਿਵਲ ਕੋਰਟਸ, ਫਗਵਾੜਾ**


ਡਾ. ਅੰਬੇਡਕਰ ਜੀ ਨੇ ਆਪਣੀਆਂ ਸਟੇਜਾਂ ਉਤੇ ਦਲਿਤਾਂ-ਮਜ਼ਦੂਰਾਂ, ਘੱਟਗਿਣਤੀਆਂ, ਔਰਤਾਂ ਦੇ ਦੁੱਖਾਂ, ਸਮੱਸਿਆਵਾਂ, ਸ਼ੋਸ਼ਣ, ਅੱਤਿਆਚਾਰਾਂ ਦਾ ਬਾਰ-ਬਾਰ ਵਾਸਤਾ ਪਾਇਆ, 19-20 ਮਾਰਚ 1927 ਨੂੰ ਸਾਫ਼ ਪਾਣੀ ਪੀਣ ਲਈ ਚੌਦਾਰ ਤਾਲਾਬ ਉੱਤੇ ਡਾਂਗਾਂ ਖਾਧੀਆਂ, ਲੰਡਨ ਗੋਲਮੇਜ਼ ਕਾਨਫ਼ਰੰਸਾ ਮੌਕੇ ਮਨੂੰਵਾਦੀਆਂ ਦੇ ਇੱਟਾਂ-ਵੱਟੇ ਖਾਧੇ, ਮਜ਼ਦੂਰ ਕਿਸਾਨਾਂ ਦੇ ਅਧਿਕਾਰਾਂ ਲਈ ਬੰਬਈ ਵਿਧਾਨ ਸਭਾ ਦੇ ਘਿਰਾਓ ਸਮੇਂ ਸਿਰ ਪੜਵਾਇਆ, ਸਵਾਰਥੀ ਆਗੂਆਂ-ਅਫ਼ਸਰਾਂ ਦੀ ਮੌਕਾਪ੍ਰਸਤੀ-ਮਕਾਰੀ ਵੇਖਕੇ, 18 ਮਾਰਚ 1956 ਨੂੰ ਆਗਰਾ ਦੇ



ਲਾਲ ਕਿਲ੍ਹਾ ਮੈਦਾਨ ਵਿੱਚ ਭੱਬਾਂ ਮਾਰ ਮਾਰ ਕੇ ਰੋਂਦਿਆ ਕਿਹਾ, ‘‘ਮੈਨੂੰ ਮੇਰੇ ਸਮਾਜ ਦੇ ਪੜ੍ਹੇ-ਲਿੱਖੇ ਲੋਕਾਂ ਧੋਖਾ ਦਿੱਤਾ ਹੈ, ਇਨ੍ਹਾਂ ਲੋਕਾਂ ਤੋਂ ਮੈਨੂੰ ਉਮੀਦ ਸੀ ਕਿ ਇਹ ਉੱਚੀ ਸਿੱਖਿਆ ਪ੍ਰਾਪਤ ਕਰਕੇ ਆਪਣੇ ਸਮਾਜ ਦੀ ਸੇਵਾ ਕਰਨਗੇ। ਪ੍ਰੰਤੂ ਮੈਂ ਦੇਖ ਰਿਹਾ ਹਾਂ ਕਿ ਇਹ ਇੱਕ ਛੋਟੇ ਵੱਡੇ ਕਲਰਕਾਂ ਤੇ ਅਫਸਰਾਂ ਦੀ ਭੀੜ ਇਕੱਠੀ ਹੋ ਗਈ ਹੈ, ਜੋ ਕੇਵਲ ਆਪਣਾ ਪੇਟ ਪਾਲਣ ਵਿੱਚ ਹੀ ਲੱਗੀ ਹੋਈ ਹੈ।’’

ਕੀ ਅਸੀਂ ਉਪਰੋਕਤ ਵਰਤਾਰਾ ਕਰਕੇ ਕਿੱਧਰੇ ਹੁਣ ਵੀ ਬਾਬਾ ਸਾਹਿਬ ਜੀ ਨੂੰ ਧੋਖਾ ਤਾਂ ਨਹੀਂ ਦੇ ਰਹੇ। ਡਾ. ਅੰਬੇਡਕਰ ਦੀ ਕਾਲਪਨਿਕ ਭਗਵਾਨ, ਅੰਧਵਿਸਵਾਸ਼ੀ, ਜਾਤੀਵਾਦੀ, ਮਜ਼ਹਬਵਾਦੀ ਗ਼ਲਤ ਧਾਰਨਾਵਾਂ ਨਾਲ ਪ੍ਰਸੰਸਾ ਕਰਨਾ ਅੰਬੇਡਕਰਵਾਦ ਨਹੀਂ ਹੈ। ਡਾ. ਅੰਬੇਡਕਰ ਨੇ ਦੇਸ਼ ਦੇ ਹਰ ਬਾਲਗ ਨਾਗਰਿਕ, ਔਰਤ-ਮਰਦ ਨੂੰ ਬਰਾਬਰ ਵੋਟ ਦੇ ਹੱਕ ਦੇਣ ਦੀ ਵਕਾਲਤ ਕੀਤੀ, ਜਿਨ੍ਹਾਂ ਵਿੱਚ ਉਸ ਸਮੇਂ ਦੇ 90 ਪ੍ਰਤੀਸ਼ਤ ਅਨਪੜ੍ਹ ਲੋਕ ਵੀ ਸ਼ਾਮਲ ਸਨ। ਉਨ੍ਹਾਂ ਅਬਾਦੀ ਦਾ ਅੱਧਾ ਹਿੱਸਾ ਔਰਤਾਂ ਦੇ ਬਰਾਬਰ ਅਧਿਕਾਰਾਂ ਲਈ ਜੀਵਨ ਭਰ ਸੰਘਰਸ਼ ਕੀਤਾ, ਮਜ਼ਦੂਰ-ਕਿਸਾਨਾਂ ਨੂੰ ਹੱਕ ਦਿਵਾਏ। ਉਨ੍ਹਾਂ ਦੇ ਵਿਚਾਰ ਭਾਰਤ ਅੰਦਰ ਤੇ ਬਾਹਰ ਸਮੁੱਚੇ ਸੰਸਾਰ ਵਿੱਚ ਬੇਇਨਸਾਫ਼ੀ ਤੇ ਸਮਾਜਿਕ ਭੇਦ-ਭਾਵ ਝੱਲਣ ਵਾਲਿਆਂ ਨੂੰ ਆਪਣੇ ਕਲਾਵੇ ਵਿੱਚ ਲੈਂਦੇ ਹਨ।

ਉਨ੍ਹਾਂ ਦੇ ਜਨਮ ਦਿਨ ਮੌਕੇ ਆਤਮ ਸ਼ੁਧੀ ਲਈ ਕੀਤੇ ਜਾਂਦੇ ਕਰਮ-ਕਾਂਡ, ਪੂਜਾ-ਪਾਠ, ਭੰਗੜੇ-ਗਿੱਧੇ, ਮਨੋਰੰਜਨ ਅੰਬੇਡਕਰਵਾਦ ਦਾ ਵਿਸ਼ਾ ਨਹੀਂ ਹਨ? ਅਜਿਹੇ ਅਡੰਬਰਾਂ ਨੂੰ ਰੋਕਣਾ ਹੋਵ-ੇਗਾ। ਉਨ੍ਹਾਂ ਦਾ ਸੰਦੇਸ਼-ਸਿੱਖਿਆ-ਚਿੰਤਨ, ਵਿਚਾਰ-ਗੋਸ਼ਟੀਆਂ, ਸੰਘਰਸ਼ ਤੇ ਸੰਘਰਸ਼, ਅੰਦੋਲਨ ਤੇ ਅੰਦੋਲਨ ਦੇ ਮਾਰਗ ਨੂੰ ਅਪਣਾਉਣਾ ਹੋਵੇਗਾ, ਅੱਗੇ ਵਧਾਉਣਾ ਹੋਵੇਗਾ। ਇਹ ਜ਼ਿੰਮੇਵਾਰੀ ਹੁਣ ਉਨ੍ਹਾਂ ਲੋਕਾਂ ਉਤੇ ਆ ਗਈ ਹੈ, ਜੋ ਆਪਣੇ ਨਿੱਜੀ ਸਵਾਰਥ ਜਾਂ ਮਨੂੰਵਾਦੀ ਸ਼ੋਸ਼ਕਾਂ ਲਈ ਸਤਿਕਾਰਯੋਗ ਬਣਨ ਦੀ ਬਨਿਸਬਤ ਡਾ. ਅੰਬੇਡਕਰ ਦੇ ਮਿਸ਼ਨ ਤੇ ਫ਼ਲਸਫ਼ੇ ਨੂੰ ਸਮਝਦੇ ਹਨ, ਉਨ੍ਹਾਂ ਨੂੰ ਡਾ. ਅੰਬੇਡਕਰ ਦੇ ਕ੍ਰਾਂਤੀਕਾਰੀ ਵਿਚਾਰਾਂ ਤੇ ਅੰਦੋਲਨਾਂ ਨੂੰ ਮੁੜ ਉਜਾਗਰ ਕਰਕੇ ਸੰਘਰਸ਼ਤ ਕਰਨਾ ਹੋਵੇਗਾ, ਤਾਂ ਜੋ ਕਿ ਉਪਰੋਕਤ ਅਗਿਆਨੀ ਲੋਕ ਬਾਬਾ ਸਾਹਿਬ ਦੀ ਵਿਰ-ਾਸਤ ਨੂੰ ਆਪਣੇ ਨਿੱਜੀ ਸਵਾਰਥ ਸਿੱਧ ਕਰਨ ਲਈ ਵਰਤ ਨਾਂ ਸਕਣ। ਉਨ੍ਹਾਂ ਕਰਮਠ ਕਾਰਕੂਨਾਂ ਨੂੰ ਡਾ. ਅੰਬੇਡਕਰ ਬਾਰੇ ਉਹੋ ਜਿਹਾ ਹੀ ਪ੍ਰਭਾਵਸ਼ਾਲੀ ਮਾਹੌਲ ਪੈਦਾ ਕਰਨਾ ਹੋਵੇਗਾ, ਜਿੰਨਾਂ ਬਾਬਾ ਸਾਹਿਬ ਦੇ ਜਿਉਦੇ ਜੀ ਉਸ ਸਮੇਂ ਦੇ ਉਨ੍ਹਾਂ ਦੇ ਵਿਰੋਧੀਆਂ ਤੇ ਸ਼ੋਸ਼ਕਾਂ ਦੇ ਮਨਾਂ ਵਿੱਚ ਸੀ।

ਡਾ. ਅੰਬੇਡਕਰ ਆਪਣੇ ਸਮੇਂ ਤੋਂ ਵੀ ਅੱਗੇ ਦੇ ਚਿੰਤਕ ਸਨ। ਡਾ. ਅੰਬੇਡਕਰ ਦੇ ‘ਬੁੱਧਾ ਐਂਡ ਹਿਜ਼ ਧੱਮਾ, ‘ਬੁੱਧਾ ਐਂਡ ਕਾਰਲ ਮਾਰਕਸ’ ‘ਇਨ-ਕਲਾਬ ਤੇ ਉਲਟ ਇਨ-ਕਲਾਬ’ ਖੋਜ਼-ਨਿਬੰਧਾਂ ਵਿਚਲੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਅੱਗੇ ਵਧਾਉਣਾ ਹੋਵੇਗਾ। ਆਤਮ ਸ਼ੁੱਧੀ ਦੀ ਬਨਿਸਬਤ-ਸੈਲਫ ਰੈਸਪੈਕਟ ਤੇ ਮਨੁੱਖੀ ਅਧਿਕਾਰਾਂ, ਪੈਦਾਵਾਰ ਦ`ਸਾਧਨਾਂ ਦਾ ਕੌਮੀਕਰਨ, ਲੋਕਤੰਤਰ ਤੇ ਸੰਵਿਧਾਨ ਦੀ ਰੱਖਿਆ ਲਈ ਸਾਂਝੇ ਸਮੂਹਿਕ ਅੰਦੋਲਨਾਂ ਨੂੰ ਬਾਰ ਬਾਰ ਪ੍ਰੰਡ ਕਰਨਾ ਹੋਵੇਗਾ। ਉਨ੍ਹਾਂ ਨੂੰ ਵੀਹਵੀਂ ਸਦੀ ਦੇ ਭਾਰਤ ’ਚ ਪਹਿਲੇ ਲੋਕਤੰਤਰਕ ਸਿਧਾਂਤਕਾਰ ਵੱਜੋਂ ਪੇਸ਼ ਕਰਨਾ ਹੋਵੇਗਾ। ਕਿਉਕਿ ਡਾ. ਅੰਬੇਡਕਰ ਨੇ ਹੀ ਲੋਕਤੰਤਰ ਦੀ ਵਾਸਤਵਿਕ ਉਦਾਰਵਾਦੀ ਪ੍ਰੀਭਾਸ਼ਾ ਨੂੰ ਕ੍ਰਾਂਤੀਕਾਰੀ ਬਣਾਇਆ ਹੈ, ਉਨ੍ਹਾਂ ਹੀ ਦੱਸਿਆ ਕਿ ਲੋਕਾਂ ਦੇ ਸਮਾਜਿਕ-ਆਰਥਿਕ ਜੀਵਨ ਵਿੱਚ ਬਿਨਾਂ ਖ਼ੂਨ-ਖਰਾਬੇ ਦੇ ਵੀ ਤਬਦੀਲੀਆਂ ਕੀਤੀਆਂ ਜਾ ਸਕਦੀਆਂ ਹਨ। ਡਾ. ਅੰਬੇਡਕਰ ਦਾ ਲੋਕਤੰਤਰ ਸਿਰਫ਼ ਰਾਜ ਲੈਣ ਤੱਕ ਹੀ ਸੀਮਤ ਨਹੀਂ, ਉਨ੍ਹਾਂ ਦਾ ਲਕਸ਼ ਸਮਾਜਿਕ ਭਾਈਚਾਰਾ ਵੀ ਹੈ। ਉਨ੍ਹਾਂ ਹੀ ਦੱਸਿਆ ਕਿ ਸਮਾਜਿਕ-ਆਰਥਿਕ ਸਮਾਨਤਾ ਤੋਂ ਬਿਨਾਂ ਰਾਜਨੀਤਕ ਅਜ਼ਾਦੀ ਦਾ ਕੋਈ ਮਹੱਤਵ ਨਹੀਂ ਹੈ।

# ਸਾਹਿਤ ਸਮਾਜ

## ਪੰਜਾਬੀ ਸੱਭਿਆਚਾਰ ਦੇ ਬਾਬਾ ਬੋਹੜ : ਜਗਦੇਵ ਸਿੰਘ ਜੱਸੋਵਾਲ

**30 ਅਪ੍ਰੈਲ ਨੂੰ ਜਨਮ-ਦਿਨ ਤੇ ਵਿਸ਼ੇਸ਼**

ਪੰਜਾਬੀ ਸੱਭਿਆਚਾਰ ਦੇ ਬਾਬਾ ਬੋਹੜ, ਮੇਲਿਆਂ ਦੇ ਬਾਦਸ਼ਾਹ, ਕਲਾਕਾਰਾਂ ਨੂੰ ਉਤਸ਼ਾਹਿਤ ਕਰਨ ਵਾਲੇ, ਗ਼ਰੀਬਾਂ ਦੇ ਮਸੀਹਾ ਜਗਦੇਵ ਸਿੰਘ ਜੱਸੋਵਾਲ ਦਾ ਜਨਮ 30 ਅਪ੍ਰੈਲ 1935 ਈ: ਨੂੰ ਪਿਤਾ ਜੈਲਦਾਰ ਕਰਤਾਰ ਸਿੰਘ ਦੇ ਘਰ ਮਾਤਾ ਅਮਰ ਕੌਰ ਜੀ ਕੁੱਖ ਤੋਂ ਪਿੰਡ ਜੱਸੋਵਾਲ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ । ਉਹਨਾਂ ਪ੍ਰਾਇਮਰੀ ਤੱਕ ਦੀ ਵਿੱਦਿਆ ਆਪਣੇ ਜੱਦੀ ਪਿੰਡ ਜੱਸੋਵਾਲ ਸੂਦਾਂ ਦੇ ਸਕੂਲ ਤੋਂ ਪ੍ਰਾਪਤ ਕੀਤੀ । ਸਰਕਾਰੀ ਹਾਈ ਸਕੂਲ ਕਿਲਾ ਰਾਏਪੁਰ ਤੋਂ ਦਸਵੀਂ, ਆਰੀਆ ਕਾਲਜ ਲੁਧਿਆਣਾ ਤੋਂ ਬੀ.ਏ. ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਤੇ ਅਰਥ ਸ਼ਾਸਤਰ ਵਿੱਚ ਐੱਮ.ਏ. ਵਧੀਆ ਅੰਕ ਲੈ ਕੇ ਪਾਸ ਕੀਤੀ । ਮੁਸਲਿਮ ਅਲੀਗੜ੍ਹ ਯੂਨੀਵਰਸਿਟੀ ਤੋਂ ਐੱਲ.ਐੱਲ.ਬੀ. ਦੀ ਡਿਗਰੀ ਗੋਲਡ ਮੈਡਲ ਪ੍ਰਾਪਤ ਕਰਕੇ ਕੀਤੀ । ਆਰੀਆ ਕਾਲਜ ਵਿੱਚ ਉਹ ਹਾਲੇ ਪੜ੍ਹ ਹੀ ਰਹੇ ਸਨ ਕਿ ਇੱਕ ਗੁਰਦੁਆਰੇ ਵਿੱਚ ਪੰਜਾਬੀ ਸੂਬੇ ਦੇ ਮੋਰਚੇ ਸੰਬੰਧੀ ਦੀਵਾਨ ਸੁਣਨ ਚਲੇ ਗਏ । ਉਹਨਾਂ ਨੂੰ ਦੀਵਾਨ ਵਿੱਚ ਸੁਣੇ ਵਿਚਾਰਾਂ ਨੇ ਇਹਨਾਂ ਪ੍ਰਭਾਵਿਤ ਕੀਤਾ ਕਿ ਉਹ ਮੋਰਚੇ ਦੇ ਜੱਥੇ ਨਾਲ ਜ਼ੇਲ੍ਹ ਜਾ ਪੁੱਜੇ । ਉਹਨਾਂ ਨੇ ਪੰਜਾਬੀ ਸੂਬੇ ਦੇ ਮੋਰਚੇ ਵਿੱਚ ਡੇਢ ਸਾਲ ਕੈਦ ਕੱਟੀ ਤੇ ਪੰਜ ਹਜ਼ਾਰ ਰੁਪਏ ਜ਼ੁਰਮਾਨਾ ਵੀ ਭਰਿਆ ।

ਜਗਦੇਵ ਸਿੰਘ ਜੱਸੋਵਾਲ ਦਾ ਵਿਆਹ ਸੁਰਜੀਤ ਕੌਰ ਨਾਲ ਹੋਇਆ । ਉਹਨਾਂ ਦੇ ਗ੍ਰਹਿ ਦੋ ਬੇਟੇ ਜਸਵਿੰਦਰ ਸਿੰਘ ਤੇ ਸੁਖਮਿੰਦਰ ਸਿੰਘ ਨੇ ਜਨਮ ਲਿਆ । ਉਹਨਾਂ ਨੇ ਸਿਆਸੀ ਜ਼ਿੰਦਗੀ ਦੀ ਸ਼ੁਰੂਆਤ ਪੜ੍ਹਾਈ ਕਰਦਿਆਂ ਹੀ ਕੀਤੀ । ਉਹ ਪਹਿਲਾਂ ਸਰਬ ਸੰਮਤੀ ਨਾਲ ਪਿੰਡ ਦੇ ਸਰਪੰਚ ਬਣੇ । 1969 ਵਿੱਚ ਉਹ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਦੇ ਸੈਕਟਰੀ ਬਣੇ, 1972 ਵਿੱਚ ਕਿਲਾ ਰਾਏਪੁਰ ਤੋਂ ਚੋਣ ਨਿਸ਼ਾਨ ਤੱਕੜੀ ਤੇ ਪਹਿਲੀ ਵਿਧਾਨ ਸਭਾ ਦੀ ਚੋਣ ਲੜੀ ਪਰ ਹਾਰ ਗਏ । 1980 ਵਿੱਚ ਕਾਂਗਰਸ ਦੀ ਟਿਕਟ ਤੇ ਰਾਏਕੋਟ ਹਲਕੇ ਤੋਂ ਚੋਣ ਲੜੇ ਤੇ ਜਿੱਤ ਪ੍ਰਾਪਤ ਕਰਕੇ 1985 ਤੱਕ ਵਿਧਾਇਕ ਬਣੇ । 1989 ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਲੁਧਿਆਣਾ ਲੋਕ ਸਭਾ ਹਲਕੇ ਤੋਂ ਚੋਣ ਲੜੀ, ਉਹ ਮਾਸਟਰ ਤਾਰਾ ਸਿੰਘ ਦੇ ਅਕਾਲੀ ਦਲ ਪ੍ਰਧਾਨ ਹੋਣ ਵੇਲੇ ਉਹਨਾਂ ਦੇ ਜਨਰਲ ਸਕੱਤਰ ਵੀ ਰਹੇ । ਜੱਸੋਵਾਲ ਗੋਪਾਲ ਸਿੰਘ ਖਾਲਸਾ ਸਾਬਕਾ ਚੀਫ ਪਾਰਲੀਮਾਨੀ ਸਕੱਤਰ ਦੇ ਵਿਸ਼ਵਾਸਪਾਤਰ ਰਹੇ ।

1978 'ਚ ਪ੍ਰੋਫ਼ੈਸਰ ਮੋਹਨ ਸਿੰਘ ਦੀ ਮੌਤ ਤੋਂ ਬਾਅਦ ਉਹਨਾਂ ਦੀ ਯਾਦ 'ਚ ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਸਥਾਪਿਤ ਕਰਕੇ 1979 ਤੋਂ ਮੇਲਾ ਲਾਉਣਾ ਸ਼ੁਰੂ ਕੀਤਾ । ਉਹ ਮੇਲੇ ਲਈ ਜਿਸ ਤੋਂ ਵੀ ਮਾਇਆ ਲੈਣ ਗਏ ਤਾਂ ਉਹਨਾਂ ਨੂੰ ਦੂਰੋਂ ਦੇਖ ਕੇ ਹੀ ਕਹਿ ਦਿੰਦੇ ਸਨ। ਮੇਲੇ ਵਾਲਾ ਬਾਬਾ ਬੋਹੜ ਆ ਰਿਹਾ ਹੈ। ਉਹਨਾਂ ਨੂੰ ਮਾਇਆ ਦੇਣ ਲਈ ਕਦੇ ਕਿਸੇ ਨੇ ਨਾਂਹ ਨਹੀਂ ਕੀਤੀ । ਉਹਨਾਂ ਆਪ ਵੀ ਇਸ ਮੇਲੇ ਲਈ ਹਰ ਸਾਲ ਦਿਲ ਖੋਲ੍ਹ ਕੇ ਯੋਗਦਾਨ ਪਾਇਆ । ਉਹਨਾਂ ਲਗਾਤਾਰ 35 ਸਾਲ ਇਸ ਮੇਲੇ ਦੀ ਅਗਵਾਈ ਕੀਤੀ। ਉਹਨਾਂ ਇਹ ਮੇਲਾ ਸਿਰਫ਼ ਲੁਧਿਆਣੇ ਵਿੱਚ ਹੀ ਨਹੀਂ ਲਾਏ ਸਗੋਂ ਪੰਜਾਬ ਦੇ ਹਰ ਵੱਡੇ ਸ਼ਹਿਰ ਇਥੋਂ ਤੱਕ ਕਿ ਅਮਰੀਕਾ, ਕਨੇਡਾ ਤੱਕ ਵੀ ਲਿਜਾ ਕੇ ਪ੍ਰੋ: ਮੋਹਨ ਸਿੰਘ ਨੂੰ ਜਿਊਂਦਾ ਰੱਖਿਆ । ਉਹਨਾਂ ਪ੍ਰੋਫ਼ੈਸਰ ਮੋਹਨ ਸਿੰਘ ਦਾ ਬੁੱਤ ਆਰਤੀ ਚੌਂਕ ਲੁਧਿਆਣਾ ਵਿੱਚ ਸਥਾਪਿਤ ਕਰਵਾਇਆ ਤੇ ਪਿੰਡ ਦਾਦ ਜ਼ਿਲ੍ਹਾ ਲੁਧਿਆਣਾ ਉਹਨਾਂ ਦੇ ਨਾਂ ਤੇ ਵਿਰਾਸਤ ਭਵਨ ਬਣਾਇਆ।

ਜੱਸੋਵਾਲ ਨੇ ਪੰਜਾਬੀ ਲੇਖਕਾਂ, ਬੁੱਧੀਜੀਵੀਆਂ ਤੇ ਸੰਗੀਤਕਾਰਾਂ ਨੂੰ ਇਸ ਮੇਲੇ ਰਾਹੀਂ ਅੱਤਵਾਦ ਲਹਿਰ ਦੌਰਾਨ ਅਗਵਾਈ ਪ੍ਰਦਾਨ ਕੀਤੀ । ਉਹਨਾਂ ਸੈਂਕੜੇ ਲੇਖਕਾਂ, ਕਲਾਕਾਰਾਂ, ਬੁੱਧੀਜੀਵੀਆਂ ਨੂੰ ਸਨਮਾਨਿਤ ਕੀਤਾ। ਚੋਟੀ ਦੇ ਗਾਇਕਾਂ ਤੋਂ ਲੈ ਕੇ ਭੰਡ, ਨਕਲੀਏ ਤੇ ਸਪੇਰੇ ਤੱਕ ਕੋਈ ਵੀ ਉਸ ਦੇ ਦਰ ਤੋਂ ਕਦੇ ਖਾਲੀ ਨਹੀਂ ਸੀ ਮੁੜਿਆ । ਪ੍ਰੋ: ਮੋਹਨ ਸਿੰਘ ਤੋਂ ਇਲਾਵਾ ਪ੍ਰਿੰਸੀਪਲ ਤਖਤ ਸਿੰਘ, ਗੁਰਨਾਮ ਸਿੰਘ ਤੀਰ, ਸੰਤ ਰਾਮ ਉਦਾਸੀ ਤੇ ਹੋਰ ਕਿੰਨੇ



ਹੀ ਸਾਹਿਤਕਾਰਾਂ ਦਾ ਉਹਨਾਂ ਮਾਣ-ਸਨਮਾਨ ਕੀਤਾ ਤੇ ਦੁੱਖ ਦੀ ਘੜੀ ਵਿੱਚ ਉਹਨਾਂ ਦੀ ਹਰ ਸੰਭਵ ਸਹਾਇਤਾ ਖੁਦ ਕੀਤੀ । ਰਵਿੰਦਰ ਗਰੇਵਾਲ, ਚਰਨ ਸਿੰਘ ਆਲਮਗੀਰ, ਗੁਣਵੰਤ ਧੰਜਲ, ਰਾਮ ਸਰੂਪ ਰਾਜਸਥਾਨੀ, ਦਲਜੀਤ ਧੂੜਕੋਟੀਆ ਤੇ ਹੋਰ ਕਈ ਛੁਪੇ ਕਲਾਕਾਰਾਂ ਦੀ ਬਾਂਹ ਫੜ ਕੇ ਉਹਨਾਂ ਨੂੰ ਸਟੇਜਾਂ ਤੇ ਚੜ੍ਹਾਇਆ। ਇਹ ਸਭ ਕੁਝ ਕਰਨ ਕਰਕੇ ਹੀ ਜੱਸੋਵਾਲ ਦੀ ਸ਼ੋਭਾ ਘਰ-ਘਰ ਹੋਣ ਲੱਗ ਪਈ। ਉਹਨਾਂ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਫੈਲੋਸ਼ਿਪ ਪ੍ਰਦਾਨ ਕੀਤੀ। ਉਹਨਾਂ ਤੇ ਲਿਖੀ ਪੁਸਤਕ " ਜਗਦੇਵ ਸਿੰਘ ਜੱਸੋਵਾਲ ਜੀਵਨ ਤੇ ਸ਼ਖ਼ਸੀਅਤ" ਵਿੱਚ ਜੱਸੋਵਾਲ ਦੀ ਜ਼ਿੰਦਗੀ ਦੇ ਕਈ ਪਹਿਲੂਆਂ ਤੇ ਰੌਸ਼ਨੀ ਪਾਈ ਗਈ ਹੈ।

ਜਗਦੇਵ ਸਿੰਘ ਜੱਸੋਵਾਲ ਪ੍ਰੋਫ਼ੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਚੇਅਰਮੈਨ, ਕਲਾਮੰਚ ਦੇ ਪ੍ਰਧਾਨ, ਇੰਟਰਨੈਸ਼ਨਲ ਚਿਲਡਰਨ ਸੈਂਟਰ ਅੰਮ੍ਰਿਤਸਰ ਦੇ ਸੀਨੀਅਰ ਮੀਤ ਪ੍ਰਧਾਨ, ਡਾਕਟਰ ਐਮ.ਐਸ.ਰੰਧਾਵਾ ਫੋਕ ਆਰਟਸ ਕੌਂਸਲ ਦੇ ਸਰਪ੍ਰਸਤ, ਪੰਜਾਬੀ ਸੰਗੀਤ ਨਾਟਕ ਅਕਾਦਮੀ, ਪੰਜਾਬ ਆਰਟ ਕੌਂਸਲ, ਕਲਾ ਦਰਪਣ, ਨੈਸ਼ਨਲ ਪੀਸ ਕੌਂਸਲ, ਜਲੰਧਰ ਦੂਰਦਰਸ਼ਨ ਦੀ ਸੂਬਾ ਸਲਾਹਕਾਰ ਕੌਂਸਲ ਦੇ ਮੈਂਬਰ ਸਨ । ਉਹ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਚੰਡੀਗੜ੍ਹ ਦੇ ਪੰਜ ਸਾਲ ਪ੍ਰਧਾਨ, ਪੰਜਾਬ ਸਟੇਟ ਯੂਥ ਵੈਲਫੇਅਰ ਬੋਰਡ ਦੇ ਐਡਵਾਈਜ਼ਰ, ਬਿਜਲੀ ਬੋਰਡ, ਸਿੱਖ ਐਜੂਕੇਸ਼ਨ ਸੁਸਾਇਟੀ ਚੰਡੀਗੜ੍ਹ ਅਤੇ ਪੰਜਾਬੀ ਸੱਭਿਆਚਾਰ ਅਕਾਦਮੀ ਚੰਡੀਗੜ੍ਹ ਦੇ ਮੈਂਬਰ ਵੀ ਰਹੇ । ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਅਤੇ ਪੰਜਾਬੀ ਭਵਨ ਲੁਧਿਆਣਾ ਵਿੱਚ ਹੋਣ ਵਾਲੇ ਸਮਾਗਮਾਂ ਦੇ ਉਹ ਕੇਂਦਰ ਬਿੰਦੂ ਹੁੰਦੇ ਸਨ । ਜੱਸੋਵਾਲ ਪੰਜਾਬ ਵਿਧਾਨ ਸਭਾ ਦੇ ਮੈਂਬਰ, ਡੇਅਰੀ ਵਿਕਾਸ ਕਾਰਪੋਰੇਸ਼ਨ ਅਤੇ ਜੰਗਲਾਤ ਕਾਰਪੋਰੇਸ਼ਨ ਦੇ ਚੇਅਰਮੈਨ ਵੀ ਰਹੇ । ਉਹ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਦੇ ਸਿਆਸੀ ਸਲਾਹਕਾਰ ਤੇ ਗਿਆਨੀ ਜ਼ੈਲ ਸਿੰਘ ਦੇ ਵੀ ਬਹੁਤ ਨੇੜੇ ਰਹੇ । ਆਖਰ ਉਹਨਾਂ ਇੱਕ ਦਿਨ ਸਿਆਸਤ ਤੋਂ ਮੁੱਖ ਮੋੜ ਲਿਆ ਤੇ ਇਹ ਜਾਣ ਲਿਆ ਕਿ ਇਹ ਉਹਨਾਂ ਦੇ ਵੱਸ ਦਾ ਰੋਗ ਨਹੀਂ। ਉਹਨਾਂ ਸਿਆਸਤ ਛੱਡ ਕੇ ਸਾਹਿਤਕ ਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ । ਉਹਨਾਂ ਦੇ ਲੁਧਿਆਣਾ ਵਾਲੇ ਘਰ (ਜੱਸੋਵਾਲ ਦਾ ਆਲਣਾ) ਜੋ ਗੁਰਦੇਵ ਨਗਰ ਵਿਖੇ ਸਥਿਤ ਹੈ। ਉਸ ਦੇ ਦਰਵਾਜ਼ੇ ਸਿਆਸਤਦਾਨਾਂ, ਕਲਾਕਾਰਾਂ, ਸਹਿਤਕਾਰਾਂ, ਲੇਖਕਾਂ ਲਈ ਹਮੇਸ਼ਾਂ ਖੁੱਲ੍ਹੇ ਰਹਿੰਦੇ ਸਨ । ਕਲਾਕਾਰਾਂ ਲਈ ਉਹਨਾਂ ਦਾ ਨਿਵਾਸ "ਆਲਣਾ" ਦੇ ਨਾਂ ਨਾਲ ਜਾਣਿਆ ਜਾਂਦਾ ਸੀ ਅਤੇ ਇਹ ਕਲਾਕਾਰਾਂ ਦੇ ਦਿਲ ਵਿੱਚ ਵੱਸਦਾ ਸੀ। ਕਲਾਕਾਰਾਂ ਦਾ ਇਸ ਆਲਣੇ ਵਿੱਚ ਜਾਣਾ ਤਾਂ ਆਪਣੇ ਹੱਥ ਵਿੱਚ ਹੁੰਦਾ ਸੀ ਪਰ ਉਥੋਂ ਵਾਪਸ ਆਉਣਾ ਉਹਨਾਂ ਦੇ ਹੱਥ ਵਿੱਚ ਨਹੀਂ ਸੀ ਹੁੰਦਾ। ਕਿਉਂਕਿ ਜਗਦੇਵ ਸਿੰਘ ਜੱਸੋਵਾਲ ਦੀ ਪ੍ਰਵਾਨਗੀ ਤੋਂ ਬਿਨਾਂ ਨਾ ਤਾਂ ਕੋਈ ਜਾ ਸਕਦਾ ਸੀ ਅਤੇ ਨਾ ਹੀ ਕਿਸੇ ਦਾ ਜਾਣ ਨੂੰ ਮਨ ਕਰਦਾ ਸੀ । ਜੱਸੋਵਾਲ ਖੇਡ ਮੇਲਿਆਂ, ਢਾਡੀ ਦਰਬਾਰਾਂ, ਦੰਗਲਾਂ, ਲੋਕ ਗਾਇਕਾਂ ਦੇ ਅਖਾੜਿਆਂ, ਨਾਟਕ ਮੇਲਿਆਂ, ਕਵੀ ਦਰਬਾਰਾਂ, ਕੈਸਿਟ ਰਿਲੀਜ਼ ਸਮਾਗਮਾਂ, ਸਾਹਿਤਿਕ ਗੋਸ਼ਟੀਆਂ, ਸਨਮਾਨ ਸਮਾਗਮਾਂ ਦੀ ਉਹ ਜਿੰਦ-ਜਾਨ ਹੁੰਦੇ ਸਨ। ਉਹਨਾਂ ਨੂੰ ਬਹੁਤ ਸਾਰੇ ਮਾਣ-ਸਨਮਾਨ ਮਿਲੇ, ਜੇਕਰ ਜ਼ਿਕਰ ਕਰਨ ਲੱਗਿਆਂ ਤਾਂ ਲੇਖ ਕਾਫੀ ਲੰਮੇਰਾ ਹੋ ਜਾਵੇਗਾ ।

ਪੰਜਾਬੀ ਸੱਭਿਆਚਾਰ ਦੇ ਬਾਬਾ ਬੋਹੜ ਜਗਦੇਵ ਸਿੰਘ ਜੱਸੋਵਾਲ 79 ਸਾਲ 7 ਮਹੀਨੇ 22 ਦਿਨ ਉਮਰ ਬਤੀਤ ਕਰਕੇ 22 ਦਸੰਬਰ ਸੰਨ 2014 ਈ: ਦਿਨ ਸੋਮਵਾਰ ਨੂੰ ਸਵੇਰੇ 9 ਵਜੇ ਅਕਾਲ ਚਲਾਣਾ ਕਰ ਗਏ ।

**ਕਰਨੈਲ ਸਿੰਘ ਐੱਮ.ਏ.**
**# 1138/63-ਏ, ਗੁਰੂ ਤੇ.ਗ ਬਹਾਦਰ ਨਗਰ,**
**ਗਲੀ ਨੰਬਰ 1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ।**
**Emial :-karnialisngh-ma@gmial.com**


"JAI BHEEM JAI BHARAT"
Happy 134th
Ambedkar
JAYANTI
A Homeage To The
"Father Of The Indian Constitution"
"Justice, equality, and fraternity are the principles that should guide every society."
- Dr B.R. Ambedkar
Programme:-
Talks on life and work of Dr. Ambedkar, songs and poetry recitation.
"We are because he was"
Let us remember
The man who fought for us,
Dr B. R. Ambedkar
On his 134th birthday celebration.
Organised By:-
Sri Guru Ravidass Sabha, Bedford (+44 07715347643)
Bhagwan Valmik Sabha, Bedford (+44 07912502301)
Nirankari Satsang Bhavan, Bedford (+44 07852178561)
Ambedkar Mission Society, Bedford (+44 07721935138)
JOIN US
4th May, 2025
01:30P.M.-05:30P.M
The Centenary Hall, Kempston
104 Bedford Rd, Kempston,
Bedford MK42 8BG

# ਸਰਬ-ਕਲਾ ਸਮਰੱਥ...



ਸਰਬ-ਕਲਾ ਸੰਪੂਰਨ ਹੁੰਦਾ, ਸਾਰੀਆਂ ਕਲਾਵਾਂ ਦਾ ਗਿਆਤਾ। 16 ਕਲਾਵਾਂ ਵਾਲੇ ਉਤੇ ਵੀ , ਮਿਹਰਬਾਨ ਹੁੰਦਾ ਵਿਧਾਤਾ। ਕੁਝ ਕੁ ਮੁੱਖ ਹੁੰਦੀਆਂ, ਸਿਮਰਨ ਤੇ ਧਿਆਨੀ, ਸਬਰ, ਸੰਤੋਖ, ਵਿਦਵਤਾ ਤੇ ਗਿਆਨੀ। ਨਕਾਰਾਤਮਕ ਪੱਖ ਵਾਲੀਆਂ ਕਲਾਵਾਂ ਕਾਮ,ਕ੍ਰੋਧ,ਲੋਭ,ਮੋਹ, ਹੰਕਾਰ ਵੀ ਦੇ ਜਾਂਦੀਆਂ ਝਕਾਨੀ।ਸਭ ਤੋਂ ਭੈੜਾ ਪੱਖ ਕਾਮ ਦਾ ਹੁੰਦਾ,ਜਬਰ-ਜਨਾਹ ਦਾ ਸ਼ਿਕਾਰ ਬਣਾਉਂਦਾ। ਕਾਮ-ਵਾਸ਼ਨਾ 'ਚ ਅੰਨ੍ਹਾਂ ਹੋਇਆ,ਨਾ ਦੇਖੇ ਅਪਣੇ-ਪਰਾਇਆਂ ਨੂੰ, ਜ਼ੁਲਮ ਤੋਂ ਬਾਅਦ,ਕਤਲ ਵੀ ਕਰੇ ਆਪਣੇ ਹਮਸਾਇਆ ਨੂੰ।
ਕ੍ਰੋਧ ਵਿੱਚ ਵੀ ਬੰਦੇ ਦੀ,ਰਹਿੰਦੀ ਨਾ ਸੁਰਤ ਟਿਕਾਣੇ। ਅਕਲ ਤੇ ਪਰਦਾ ਪੈ ਜਾਵੇ, ਨਾ ਜਾਣੇ ਕੀ ਕਰ ਬੈਠੇ, ਵਿਚ ਅਣਜਾਣੇ। ਲੰਕਾ ਦੇ ਰਾਵਣ ਵਾਂਗੂੰ, ਕਰੇ ਸਫਾਇਆ, ਜੋ ਰਾਹ ਵਿੱਚ ਆਵੇ। ਢੈਲਾ ਹੁੰਦਾ ਗੁੱਸਾ ਜਦੋਂ, ਫਿਰ ਪਛਤਾਵੇ।ਲੋਭੀ ਬੰਦਾ ਲੋਭ ਵਿੱਚ, ਕੁਕਰਮ ਕਰਦਾ। ਲੁੱਕਦਾ ਫਿਰੇ,ਸਮਾਜ ਵਿੱਚ ਨ੍ਹੀਂ ਵੜਦਾ।ਪਤਾ ਉਦੋਂ ਹੀ ਲੱਗਦਾ, ਸਰਕਾਰੀ ਤੰਤਰ ਜਦੋਂ, ਕੈਮਰਿਆਂ, ਝੂਠ ਟੋਹੂ-ਯੰਤਰਾਂ ਦੀ ਮਦਦ ਨਾਲ ਫੜਦਾ।
ਮੋਹ-ਮੁਹੱਬਤ ਦੇ ਝਾਂਸਿਆਂ ਵਿੱਚ, ਫੁੱਸਲਾ ਕੇ, ਆਪਣਿਆਂ ਨਾਲ, ਹੀ ਕਰੇ ਧੋਖਾ। ਚੋਰ,ਲੁਟੇਰੇ, ਠੱਗ, ਲੋਭੀਆਂ ਨੂੰ ਲੁੱਟਦੇ,ਹੰਕਾਰ ਹੀ ਉਨ੍ਹਾਂ ਨੂੰ ਕਰਦਾ ਖੋਖਾ।ਹਰ ਬੰਦੇ ਅੰਦਰ ਚੱਲਦੀ,ਸਾਕਾਰ ਤੇ ਨਕਾਰ ਵਿਚਾਰਾਂ ਦੀ ਲੜਾਈ, ਸਰਬ-ਕਲਾ ਸਮਰੱਥ ਉਹੀ ਹੁੰਦਾ, ਜਿਸ ਨੇ ਨਕਾਰਾ ਵਿਚਾਰਾਂ ਤੇ ਜਿੱਤ ਪਾਈ।

**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ # 639/40ਏ ਚੰਡੀਗੜ੍ਹ। ਫੋਨ ਨੰਬਰ : 9878469639**











# AMBEDKAR INTERNATIONAL MISSION, LONDON

***Pays Homage To***

# THE GREAT DR BABASAHEB AMBEDKAR

***On the occasion of his 134th Birth Anniversary***

**Sunday, 11th May, 2025 From 2 pm (sharp) until 6 pm**

**At Elmhurst School, Upton Park Road, London, E7 8JY**

**All are cordially invited along with family, friends and relatives**

Speeches and poetry by distinguished guests

**Sir Stephen Timms MP, Minister of State at the Department for Work and Pensions will be in attendance from 2 pm until 2:30 pm**

## CHIEF GUEST



**Dr. B.P. Ashok (IPS Retd), PhD, D.Litt.**

Dr. B.P. Ashok is a prominent public figure now retired from his professional role as an Indian Police Service Officer. He has delivered over 5,000 lectures on social, cultural,religious, political, and motivational issues worldwide, including at the London School of Economics, House of Commons (UK), the University of London, the National Police Academy in Hyderabad, the UP Academy of Administration, and leading Strategic Change course at the Royal Institute of Public Administration in London, as well as lectured at various other universities around the world. He is also the author of more than 30 books.

## Transport and Parking

Nearest Underground: Upton Park, District, Hammersmith and City lines.

The venue is 10 minutes' walk from Upton Park Underground Station

## Cultural Entertainment

Giani Tarsem Singh Virdee and Party London (+91 9855 08290)
Tabla and Dhol Academy,

Dance performance:
Ms Tamalika and Ms Sonia

**Free parking at Elmhurst Primary School**

**Lunch will be strictly served between 12 noon - 1:30 pm only**

**Contact: Tel. 07751-668926**

# ਕਨੇਡਾ ਫੈਡਰਲ ਚੋਣਾਂ:ਲਿਬਰਲ 168 ਸੀਟਾਂ ਤੇ ਜੇਤੂ ਕੰਜਸਰਵੇਟਿਵ 144 ਸੀਟਾਂ ਤੇ ਸਿਮਟੀ

**● ਕੰਸਰਵੇਟਵ ਆਗੂ ਪੀਆਰ ਪੋਲੀਵਰ ਆਪਣੇ ਸੀਟ ਹਾਰੇ● ਐਨਡੀਪੀ ਨੇਤਾ ਜਗਮੀਤ ਸਿੰਘ ਨੇ ਹਾਰ ਮਗਰੋਂ ਦਿੱਤਾ ਪ੍ਰਧਾਨਗੀ ਤੋਂ ਅਸਤੀਫਾ**

**ਵੈਨਕੂਵਰ (ਮਲਕੀਤ ਸਿੰਘ )**- ਕਨੇਡਾ ਦੀਆਂ ਫੈਡਰਲ ਚੋਣਾਂ ਦੇ ਦੇਰ ਰਾਤ ਪ੍ਰਾਪਤ ਹੋਏ ਨਤੀਜਿਆਂ ਅਨੁਸਾਰ ਭਾਵੇਂ ਕਿ ਚੋਣ ਪਿੜ ਚ ਨਿਤਰੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਨੂੰ ਸਪਸ਼ਟ ਬਹੁਮਤ ਨਹੀਂ ਮਿਲ ਸਕਿਆ ਪ੍ਰੰਤੂ ਫਿਰ ਵੀ ਮੌਜੂਦਾ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਵਾਈ ਵਾਲੀ ਲਿਬਰਲ ਪਾਰਟੀ 168 ਸੀਟਾਂ ਤੇ ਜੇਤੂ ਰਹੀ ਜਦੋਂ ਕਿ ਉਸ ਦੀ ਪ੍ਰਮੁੱਖ ਵਿਰੋਧੀ ਪਾਰਟੀ ਕੰਸਰਵੇਟਿਵ 144 ਸੀਟਾਂ ਤੱਕ ਸਿਮਟ ਕੇ ਰਹਿ ਗਈ। ਇਸੇ ਤਰ੍ਹਾਂ ਬਲੋਕ ਕਿਊਬਿਕ ਪਾਰਟੀ ਨੂੰ 23 ਸੀਟਾਂ, ਐਨਡੀਪੀ ਨੂੰ 7 ਸੀਟਾਂ ਅਤੇ ਗਰੀਨ ਪਾਰਟੀ ਨੂੰ ਇੱਕ ਸੀਟ ਮਿਲੀ ਹੈ। ਵਰਣਨ ਯੋਗ ਹੈ ਕਿ ਸਰਕਾਰ ਬਣਾਉਣ ਲਈ ਸਬੰਧਿਤ ਸਿਆਸੀ ਧਿਰ ਨੂੰ 172 ਸੀਟਾਂ ਦੀ ਲੋੜ ਹੈ।ਕ ਕੰਜ਼ਰਵੇਟਿਵ ਨੇਤਾ ਪੀਆਰ ਪੋਲੀਵਅਰ ਅਤੇ ਐਨਡੀਪੀ ਨੇਤਾ ਜਗਮੀਤ ਸਿੰਘ ਆਪਣੇ ਸੀਟ ਨਹੀਂ ਬਚਾ ਸਕੇ ਐਨਡੀਪੀ ਨੇਤਾ ਜਗਮੀਤ ਸਿੰਘ ਵੱਲੋਂ ਪਾਰਟੀ ਦੀ ਹਾਰ ਮਗਰੋਂ ਪਾਰਟੀ ਦੀ ਪ੍ਰਧਾਨਗੀ ਤੋਂ ਉਸਤੀਫਾ ਦੇ ਦਿੱਤਾ ਗਿਆ ਹੈ।

ਸਮਾਜ ਵੀਕਲੀ ਨਿਊਜ਼










# ਸਰਦਾਰ ਹਰੀ ਸਿੰਘ ਨਲਵਾ ਦੀ ਸ਼ਹੀਦੀ 'ਤੇ ਵਿਸ਼ੇਸ਼

**30 ਅਪ੍ਰੈਲ 1837 ਈ.**

ਸਰਦਾਰ ਹਰੀ ਸਿੰਘ ਨਲਵਾ ਸਿੱਖ ਇਤਿਹਾਸ ਵਿੱਚ ਪ੍ਰਮੁੱਖ ਯੋਧਾ ਤੇ ਜਰਨੈਲ ਹੋਇਆ ਹੈ।ਹਰੀ ਸਿੰਘ ਨਲੂਆ ਦਾ ਪੂਰਾ ਨਾਮ ਹਰੀ ਸਿੰਘ ਸੀ ।ਉਹਨਾਂ ਦਾ ਜਨਮ 1791 ਈ. ਵਿੱਚ ਪੰਜਾਬ ਦੇ ਮਾਝਾ ਖੇਤਰ ਦੇ ਗੁਜਰਾਂਵਾਲਾ ਵਿਖੇ ਮਾਤਾ ਧਰਮ ਕੌਰ ਦੇ ਕੁੱਖੋਂ ਹੋਇਆ ਸੀ।ਉਹਨਾਂ ਦੇ ਪਿਤਾ ਜੀ ਦਾ ਨਾਂ ਗੁਰਦਿਆਲ ਸਿੰਘ ਸੀ।ਜੋ ਕਿ 1798 ਈ. ਵਿੱਚ ਹਰੀ ਸਿੰਘ ਨੂੰ ਛੋਟਿਆਂ ਹੁੰਦਿਆਂ ਹੀ ਛੱਡ ਗਏ ਸਨ।ਸਿਰ ਤੋਂ ਪਿਤਾ ਦਾ ਸਾਇਆ ਉੱਠ ਜਾਣ ਕਾਰਨ ਹਰੀ ਸਿੰਘ ਨੇ ਬਹੁਤ ਸਮਾਂ ਮਾਮਾ ਦੇ ਘਰ ਹੀ ਗੁਜ਼ਾਰਿਆ ।ਉਸ ਸਮੇਂ ਉਹਨਾਂ ਦੀ ਉਮਰ ਸੱਤ ਸਾਲਾਂ ਦੀ ਸੀ। ਉਹਨਾਂ ਨੂੰ ਫ਼ਾਰਸੀ ਤੇ ਗੁਰਮੁਖੀ ਦਾ ਕਾਫ਼ੀ ਗਿਆਨ ਪ੍ਰਾਪਤ ਸੀ

ਇੱਕ ਵਾਰ 1805 ਈ. ਵਿੱਚ ਇੱਕ ਬਸੰਤੀ ਦਰਬਾਰ ਦਾ ਇਕੱਠ ਹੋਇਆ ਜੋ ਮਹਾਰਾਜਾ ਰਣਜੀਤ ਸਿੰਘ ਨੇ ਕਰਤਬ ਦਿਖਾਉਣ ਲਈ ਕਰਾਇਆ ਸੀ। ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਘੋੜ ਸਵਾਰੀ, ਤਲਵਾਰਬਾਜ਼ੀ, ਨੇਜ਼ਾਬਾਜ਼ੀ, ਨਿਸ਼ਾਨਾਬਾਜ਼ੀ ਆਦਿ ਦੇ ਸ਼ਾਹੀ ਦਰਬਾਰ ਕਰਾਉਂਦੇ ਹੁੰਦੇ ਸਨ। ਇਸ ਵਿੱਚ ਸ. ਹਰੀ ਸਿੰਘ ਨਲਵੇ ਨੇ ਪਹਿਲੀ ਵਾਰੀ ਆਪਣੇ ਕਰਤਬ ਦਿਖਾਏ। ਇਨ੍ਹਾਂ ਕਰਤਬਾਂ ਨੂੰ ਦੇਖ ਕੇ ਮਹਾਰਾਜਾ ਜੀ ਨੇ ਉਸ ਨੂੰ ਆਪਣੀ ਫੌਜ ਵਿੱਚ ਭਰਤੀ ਕਰ ਲਿਆ। ਕੁਝ ਹੀ ਦਿਨਾਂ ਬਾਅਦ ਹਰੀ ਸਿੰਘ ਦੀ ਸ਼ੇਰ ਨਾਲ ਲੜਾਈ ਤੇ ਦਲੇਰੀ ਦੇਖ ਕੇ ਮਹਾਰਾਜੇ ਨੇ ਉਸ ਨੂੰ ਆਪਣੀ ਸ਼ੇਰਦਿਲ ਨਾਮੀ ਰਜਮੈਂਟ ਵਿੱਚ ਹਰੀ ਸਿੰਘ ਨੂੰ ਸਰਦਾਰੀ ਦੇ ਦਿੱਤੀ



**ਹਰੀ ਸਿੰਘ ਨਲੂਆ ਦਾ ਇਹ ਨਾਮ ਕਿਵੇਂ ਪਿਆ–**

ਮਿਸਟਰ ਐਂਨ. ਕੇ. ਸਿਨਹਾ ਆਪਣੀ ਲਿਖਤ ਤਾਰੀਖ਼ ਵਿੱਚ ਲਿਖਦਾ ਹੈ ਕਿ ਸਰਦਾਰ ਹਰੀ ਸਿੰਘ ਦੇ ਨਾਮ ਨਾਲ ਨਲਵਾ ਉੱਪ ਨਾਮ ਇਸ ਲਈ ਪ੍ਰਸਿੱਧ ਹੋ ਗਿਆ ਕਿ ਉਸ ਨੇ ਸ਼ੇਰ ਦੇ ਸਿਰ ਨੂੰ ਹੱਥਾਂ ਨਾਲ ਮਰੋੜ ਕੇ ਮਾਰ ਸੁੱਟਿਆ ਸੀ।ਮੌਲਾਨਾ ਅਹਿਮਦ ਦੀਨ ਆਪਣੀ ਪੁਸਤਕ ਮੁਕੰਮਲ ਤਾਰੀਖ- ਕਸ਼ਮੀਰ ਵਿੱਚ ਲਿਖਦੇ ਹਨ ਕਿ ਨਲਵਾ ਦੀ ਵਜ੍ਹਾ ਤਸਮੀਆ ਕੇ ਮੁਤੱਲਅਕ ਮਸ਼ਹੂਰ ਹੈ ਕਿ ਰਾਜਾ ਨਲ ਜ਼ਮਾਨਾ ਕਦੀਮ ਮੇਂ ਏਕ ਬਹਾਦਰ ਅਰ ਸੁਜਾਤ ਰਾਜਾ ਥਾ। ਲੋਗੋਂ ਨੇ ਹਰੀ ਸਿੰਘ ਕੋ ਨਲ ਸੇ ਨਲਵਾ ਬਨਾ ਦੀਆ। ਨਲਵਾ ਸੇ ਮੁਰਾਦ, ਸ਼ੇਰ ਕੋ ਮਾਰਨੇ ਵਾਲਾ ਯਾ ਸ਼ੇਰ ਅਫ਼ਗਾਨ ਹੈ। ਚੂੰਕਿ ਹਰੀ ਸਿੰਘ ਨੇ ਭੀ ਸ਼ੇਰ ਮਾਰੇ ਥੇ ਇਸੀ ਲੀਏ ਉਸਕਾ ਨਾਮ ਨਲਵਾ ਮਸ਼ਹੂਰ ਹੂਆ।

ਬਾਬਾ ਪ੍ਰੇਮ ਸਿੰਘ ਜੀ ਹੋਤੀ ਲਿਖਦੇ ਹਨ- ਰਾਜਾ ਨਲ ਆਪਣੇ ਸਮੇਂ ਦਾ ਮਹਾਨ ਦਾਨੀ ਅਤੇ ਆਪਣੇ ਸਮੇਂ ਦਾ ਅਦੁੱਤੀ ਸੂਰਬੀਰ ਸੀ। ਉਹ ਸ਼ੇਰ ਨਾਲ ਲੜ ਕੇ ਉਸ ਨੂੰ ਮਾਰਨ ਵਿੱਚ ਪ੍ਰਸਿੱਧੀ ਰੱਖਦਾ ਸੀ। ਇਸੇ ਤਰ੍ਹਾਂ ਸਰਦਾਰ ਹਰੀ ਸਿੰਘ ਵਿੱਚ ਅਜਿਹੇ ਗੁਣ ਮੌਜੂਦ ਸਨ। ਇਸ ਤਰ੍ਹਾਂ ਆਪ ਜੀ ਦਾ ਨਾਮ ਵੀ ਰਾਜਾ ਨਲ ਸਾਨੀ ਪੈ ਗਿਆ। ਸਰਦਾਰ ਜੀ ਦੇ ਨਾਮ ਨਾਲ ਇਹ ਨਾਮ ਜੁੜ ਕੇ ਅਤੇ ਆਮ ਵਰਤੋਂ ਵਿੱਚ ਆਉਣ ਕਰਕੇ, ਇਸ ਵਿੱਚ ਥੋੜ੍ਹੀ ਜਿਹੀ ਤਬਦੀਲੀ ਹੋਣ ਕਰਕੇ ਨਲ ਤੋਂ ਨਲਵਾ ਪੈ ਗਿਆ।

ਕਿਹਾ ਜਾਂਦਾ ਹੈ ਕਿ ਅਫਗਾਨ ਲੋਕ ਕਥਾਵਾਂ ਵਿੱਚ, ਮਾਵਾਂ ਨਲਵੇ ਦੇ ਨਾਮ ਦੀ ਵਰਤੋਂ ਆਪਣੇ ਬੱਚਿਆਂ ਨੂੰ ਡਰਾਉਣ ਅਤੇ ਸ਼ਾਂਤ ਕਰਨ ਲਈ ਕਰਦੀਆਂ ਸਨ। ਮਾਵਾਂ ਵਿੱਚ ਇੱਕ ਆਮ ਕਹਾਵਤ ਇਹ ਹੈ: 'ਜੇ ਤੁਸੀਂ ਰੋਣਾ ਬੰਦ ਨਹੀਂ ਕਰਦੇ, ਤਾਂ ਹਰੀਆ ਰਾਗਲੇ (ਹਰੀ ਸਿੰਘ ਨਲਵਾ) ਅੱਗੇ ਆ ਜਾਣਗੇ',

ਇਤਿਹਾਸਕਾਰ ਡਾ: ਸਤੀਸ਼ ਕੇ ਕਪੂਰ ਨੇ ਕਿਹਾ ਕਿ ਨਲਵਾ ਨੇ ਕਈ ਸਫਲ ਲੜਾਈਆਂ ਲੜੀਆਂ, ਜਿਸ ਤੋਂ ਬਾਅਦ ਅਫਗਾਨਾਂ ਨੇ ਆਪਣੇ ਇਲਾਕੇ ਗੁਆ ਦਿੱਤੇ।

।1807 ਦੀ. ਵਿੱਚ। ਕਸੂਰ ਦੀ ਜਿੱਤ ਬਦਲੇ ਹਰੀ ਸਿੰਘ ਨੂੰ ਜਾਗੀਰ ਮਿਲੀ ।1810 ਸੀ. ਵਿੱਚ ਮੁਲਤਾਨ ਦੀ ਲੜਾਈ ਵਿੱਚ ਮਹਾਨ ਅਤੇ ਭਿਆਨਕ ਕੰਮ ਸ. ਹਰੀ ਸਿੰਘ ਅਤੇ ਹੋਰ ਬਹਾਦਰ ਸਿੰਘਾਂ ਨੇ ਬੜੀ ਨਿਡਰਤਾ ਤੇ ਦਲੇਰੀ ਨਾਲ ਸਿਰੇ ਚਾੜ੍ਹਿਆ। ਇਸ ਜੰਗ ਵਿੱਚ ਸ. ਹਰੀ ਸਿੰਘ ਨੇ ਜ਼ਖ਼ਮੀ ਹੁੰਦਿਆਂ ਵੀ ਹੌਸਲਾ ਨਾ ਹਾਰਿਆ।1818 ਈ. ਵਿੱਚ ਮੁਲਤਾਨ ਦੀ ਆਖਰੀ ਜਿੱਤ ਸੀ ਜਿਸ ਵਿੱਚ ਹਰੀ ਸਿੰਘ ਨੇ ਬਹਾਦਰੀ ਦਿਖਾਈ ਤੇ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਨਾਮ ਦਾ ਸਿੱਕਾ ਚਲਾਉਣ ਦਾ ਅਧਿਕਾਰ ਦੇ ਦਿੱਤਾ। ਇਹ ਅਧਿਕਾਰ ਖ਼ਾਲਸਾ ਰਾਜ ਵਿੱਚ ਕੇਵਲ ਹਰੀ ਸਿੰਘ ਨੂੰ ਹੀ ਮਿਲਿਆ। ਨੌਸਿਹਰਾ ਦੀ ਲੜਾਈ ਵਿੱਚ ਹਰੀ ਸਿੰਘ ਦੀ ਜਿੱਤ ਬਾਰੇ ਸਰ ਅਲੈਗਜੈਂਡਰ ਬਰਨਜ਼ ਤੇ ਮੌਲਵੀ ਸਾਹਨਤ ਅਲੀ ਲਿਖਦੇ ਹਨ ਕਿ ਖ਼ਾਲਸੇ ਦੀਆਂ ਇਹ ਸਫ਼ਲਤਾਈਆਂ ਐਸੇ ਅਸਾਧਾਰਨ ਕਾਰਨਾਮੇ ਸਨ ਜਿਨ੍ਹਾਂ ਨੇ ਵੱਡੀਆਂ-ਵੱਡੀਆਂ ਤਾਕਤਾਂ ਨੂੰ ਵੀ ਚਿੰਤਾ ਵਿੱਚ ਪਾ ਦਿੱਤਾ।

ਪਿਸ਼ਾਵਰ ਦੀ ਯੰਗ ਲਈ ਰਣਜੀਤ ਸਿੰਘ ਨੇ ਖ਼ਾਲਸਾ ਫੌਜ ਨੂੰ ਸਰਦਾਰ ਹਰੀ ਸਿੰਘ ਨਲਵੇ ਅਤੇ ਕੰਵਰ ਨੌਨਿਹਾਲ ਸਿੰਘ ਦੀ ਅਗਵਾਈ ਹੇਠ ਪਿਸ਼ਾਵਰ ਤੇ ਹੱਲਾ ਬੋਲਣ ਲਈ ਆਖਿਆ।27 ਅਪ੍ਰੈਲ ਸੰਨ 1834 ਈ. ਨੂੰ ਸਰਦਾਰ ਹਰੀ ਸਿੰਘ ਨੇ ਬੜੀ ਸਫ਼ਲਤਾ ਨਾਲ ਦਰਿਆ ਅਟਕ ਤੋਂ ਬੇੜੀਆਂ ਰਾਹੀਂ ਖ਼ਾਲਸਾ ਫੌਜ ਪਾਰ ਕਰਵਾਈ।ਇਤਿਹਾਸਕਾਰ ਲਿਖਦੇ ਹਨ ਕਿ ਇਸ ਜਿੱਤ ਦੀ ਖੁਸ਼ੀ ਵਿੱਚ ਪਿਸ਼ਾਵਰ ਦੇ ਮੁਸਲਮਾਨਾਂ ਅਤੇ ਹਿੰਦੂਆਂ ਨੇ ਇਸ ਰਾਤ ਦੀਪਮਾਲਾ ਕੀਤੀ, ਕਿਉਂਕਿ ਉਨ੍ਹਾਂ ਨੇ ਬਾਰਕਜ਼ਈਆਂ ਹੱਥੋਂ ਛੁਟਕਾਰਾ ਪਾਇਆ ਸੀ। ਜਿੱਤਣ ਤੋਂ ਬਾਅਦ ਸਰਦਾਰ ਹਰੀ ਸਿੰਘ ਨਲਵੇ ਨੇ ਸਭ ਤੋਂ ਪਹਿਲਾਂ ਹਿੰਦੂਆਂ ਅਤੇ ਸਿੱਖਾਂ ਉਪਰ ਔਰੰਗਜ਼ੇਬ ਨੇ ਜੋ ਪ੍ਰਤੀ ਸਿਰ ਇੱਕ ਦੀਨਾਰ (ਚਾਰ ਮਾਸੇ ਦਾ ਸੋਨੇ ਦਾ ਸਿੱਕਾ) ਜਜ਼ੀਆ ਲਾਇਆ ਹੋਇਆ ਸੀ, ਪੂਰੀ ਤਰ੍ਹਾਂ ਹਟਾ ਦਿੱਤਾ।ਹਰੀ ਸਿੰਘ ਨਲੂਆ ਨੇ ਰਾਜ ਪ੍ਰਬੰਧ ਚੰਗੀ ਤਰਾਂ ਚਲਾਉਣਾ ਸ਼ੁਰੂ ਕਰ ਦਿੱਤਾ ।ਇਸ ਕਾਰਨ ਰਣਜੀਤ ਸਿੰਘ ਨੇ ਸਰਦਾਰ ਹਰੀ ਸਿੰਘ ਨਲਵੇ ਨੂੰ ਪਿਸ਼ਾਵਰ ਦੇ ਸੂਬੇ ਵਿੱਚ ਵੀ ਆਪਣੇ ਨਾਮ ਦਾ ਸਿੱਕਾ ਚਲਾਉਣ ਦਾ ਹੁਕਮ ਦਿੱਤਾ। ਇਹ ਵਡਿਆਈ ਸ. ਹਰੀ ਸਿੰਘ ਨਲਵੇ ਨੂੰ ਦੂਜੀ ਵਾਰ ਮਿਲੀ। ਸਰਦਾਰ ਹਰੀ ਸਿੰਘ ਨੇ 30 ਅਪ੍ਰੈਲ ਜਮਰੌਦ ਦੇ ਜੰਗੀ ਮੈਦਾਨ ਵਿੱਚ ਪਹੁੰਚ ਕੇ ਅਫ਼ਗਾਨਾਂ ਉੱਪਰ ਹਮਲਾ ਕਰ ਦਿੱਤਾ। ਇਸ ਯੰਗ ਵਿੱਚ ਅਫ਼ਗਾਨਾਂ ਪਾਸੋਂ ਸ. ਹਰੀ ਸਿੰਘ ਨਲਵੇ ਨੇ 14 ਤੋਪਾਂ ਵੀ ਖੋਹ ਲਈਆਂ, ਜਦੋਂ ਸਾਰੇ ਅਫਗਾਨ ਦੌੜ ਕੇ ਛਿਪ ਗਏ । ਹਰੀ ਸਿੰਘ ਨਲਵਾ ਖ਼ਾਲਸਾ ਫੌਜ ਨੂੰ ਕਿਲ੍ਹਾ ਜਮਰੌਦ ਦੇ ਕੈਂਪ ਵਿੱਚ ਆਰਾਮ ਦਿਵਾਉਣ ਲਈ ਲੈ ਗਿਆ ।ਅਚਾਨਕ ਹਰੀ ਸਿੰਘ ਨਲਵੇ ਦਾ ਬਾਡੀਗਾਰਡ ਸਰਦਾਰ ਅਜਾਇਬ ਸਿੰਘ ਗੁਫ਼ਾ ਵੱਲ ਵਧਿਆ ਤਾਂ ਗੁਫ਼ਾ ਵਿੱਚ ਛੁਪੇ ਅਫਗਾਨ ਨੇ ਅਜਾਇਬ ਸਿੰਘ ਦੇ ਗੋਲੀ ਮਾਰੀ। ਬਾਡੀਗਾਰਡ ਉਥੇ ਹੀ ਢੇਰੀ ਹੋ ਗਿਆ। ਇਸੇ ਸਮੇਂ ਸ. ਹਰੀ ਸਿੰਘ ਨੇ ਆਪਣਾ ਘੋੜਾ ਅੱਗੇ ਕੀਤਾ ਤਾਂ ਗੁਫ਼ਾ ਵਿਚੋਂ ਹੋਰ ਗੋਲੀਆਂ ਚੱਲੀਆਂ ਜਿਸ ਵਿਚੋਂ ਦੋ ਗੋਲੀਆਂ ਨਲਵੇ ਦੇ ਲੱਗੀਆਂ। ਸਰਦਾਰ ਹਰੀ ਸਿੰਘ ਨਲਵਾ ਨੇ ਫੱਟੜ ਹੋਣ ਦੇ ਬਾਵਜੂਦ ਬੜੇ ਹੌਸਲੇ ਨਾਲ ਘੋੜੇ ਦੀਆਂ ਵਾਗਾਂ ਕਿਲ੍ਹਾ ਜਮਰੌਦ ਵੱਲ ਮੋੜ ਲਈਆਂ ਅਤੇ ਸਿੱਧੇ ਕਿਲ੍ਹੇ ਵਿੱਚ ਪਹੁੰਚ ਗਏ। ਇਹ ਸਮਾਂ 30 ਅਪ੍ਰੈਲ 1837 ਦੀ ਰਾਤ ਦਾ ਸੀ।ਸ. ਹਰੀ ਸਿੰਘ ਨਲੂਏ ਨੇ ਸਾਰਿਆ ਨੂੰ ਇਕੱਠਾ ਕਰਕੇ ਇਨ੍ਹਾਂ ਕਾਲੇ ਪਰਬਤਾਂ ਵਿੱਚ ਖ਼ਾਲਸਾਈ ਝੰਡੇ ਦੀ ਇੱਜ਼ਤ-ਆਬਰੂ ਕਾਇਮ ਰੱਖਣ ਲਈ ਅਖੀਰਲੇ ਸਵਾਸਾਂ ਤਕ ਡਟੇ ਰਹਿਣ ਦੀ ਪ੍ਰੇਰਨਾ ਕੀਤੀ। ਇਹ ਵੀ ਆਖਿਆ ਕਿ ਮੇਰੀ ਮੌਤ ਦੀ ਖ਼ਬਰ ਗੁਪਤ ਰੱਖਣੀ, ਇਸ ਨਾਲ ਖ਼ਾਲਸੇ ਦੀ ਫੌਜੀ ਸ਼ਕਤੀ ਬਰਕਰਾਰ ਰਹੇ। ਸ. ਮਹਾਂ ਸਿੰਘ ਨੇ ਸਰਦਾਰ ਨਲਵਾ ਦੀ ਆਖਰੀ ਇੱਛਾ ਅਨੁਸਾਰ ਭੇਦ ਗੁਪਤ ਰੱਖਣ ਲਈ ਰਾਤੋ ਰਾਤ ਕਿਲ੍ਹੇ ਦੀ ਚੜ੍ਹਦੀ ਨੁਕਰ ਵੱਲ ਸਾਦੇ ਢੰਗ ਨਾਲ ਕਨਾਤਾਂ ਦੇ ਅੰਦਰ ਸਸਕਾਰ ਕਰ ਦਿੱਤਾ। ਜਮਰੌਦ ਦੀ ਲੜਾਈ ਨਲਵਾ ਦੀ ਅੰਤਿਮ ਲੜਾਈ ਸਾਬਤ ਹੋਈ।



**ਅਸਿਸਟੈਂਟ ਪ੍ਰੋਫੈਸਰ (ਇਤਿਹਾਸ)**
**ਗਗਨਦੀਪ ਕੌਰ ਧਾਲੀਵਾਲ।**
**ਆਰੀਆ ਭੱਟ ਕਾਲਜ ਬਰਨਾਲਾ।**

# ਖੁੱਲ੍ਹ ਕੇ ਹੱਸੋ: ਜ਼ਿੰਦਗੀ ਨੂੰ ਖੁਸ਼ਹਾਲ ਬਣਾਓ



ਹਾਸੇ ਨੂੰ ਅਕਸਰ ਸਭ ਤੋਂ ਵਧੀਆ ਦਵਾਈ ਮੰਨਿਆ ਜਾਂਦਾ ਹੈ, ਅਤੇ ਚੰਗੇ ਕਾਰਨਾਂ ਕਰਕੇ। ਇਸਦੇ ਅਣਗਿਣਤ ਫਾਇਦੇ ਹਨ ਜੋ ਸਿਰਫ਼ ਮਨੋਰੰਜਨ ਤੋਂ ਪਰੇ ਹਨ। ਇੱਕ ਅਜਿਹੀ ਦੁਨੀਆਂ ਵਿੱਚ ਜੋ ਕਈ ਵਾਰ ਤਣਾਅ ਅਤੇ ਜ਼ਿੰਮੇਵਾਰੀ ਨਾਲ ਭਾਰੀ ਮਹਿਸੂਸ ਹੁੰਦੀ ਹੈ, ਖੁੱਲ੍ਹ ਕੇ ਹਾਸੇ ਨੂੰ ਗਲੇ ਲਗਾਉਣਾ ਜ਼ਿੰਦਗੀ ਪ੍ਰਤੀ ਸਾਡੀ ਧਾਰਨਾ ਨੂੰ ਬਦਲ ਸਕਦਾ ਹੈ ਅਤੇ ਸਾਡੀ ਸਮੁੱਚੀ ਤੰਦਰੁਸਤੀ ਨੂੰ ਵਧਾ ਸਕਦਾ ਹੈ।

**ਹਾਸੇ ਦਾ ਵਿਗਿਆਨ**

ਜਦੋਂ ਅਸੀਂ ਹੱਸਦੇ ਹਾਂ, ਤਾਂ ਸਾਡੇ ਸਰੀਰ ਵਿੱਚ ਇੱਕ ਸ਼ਾਨਦਾਰ ਤਬਦੀਲੀ ਆਉਂਦੀ ਹੈ। ਸਾਡਾ ਦਿਮਾਗ ਐਂਡੋਰਫਿਨ ਛੱਡਦਾ ਹੈ, ਜੋ ਕਿ ਰਸਾਇਣ ਹਨ ਜੋ ਖੁਸ਼ੀ ਜਾਂ ਖੁਸ਼ਹਾਲੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਦੇ ਹਨ। ਇਹ ਕੁਦਰਤੀ ਉੱਚ ਸਰੀਰਕ ਦਰਦ ਤੋਂ ਰਾਹਤ ਪਾਉਣ, ਤਣਾਅ ਘਟਾਉਣ ਅਤੇ ਇਮਿਊਨ ਸਿਸਟਮ ਨੂੰ ਵਧਾਉਣ ਵਿੱਚ ਮਦਦ ਕਰ ਸਕਦਾ ਹੈ। ਇੱਕ ਦਿਲੋਂ ਹਾਸਾ ਬਲੱਡ ਪ੍ਰੈਸ਼ਰ ਨੂੰ ਵੀ ਘਟਾ ਸਕਦਾ ਹੈ ਅਤੇ ਦਿਲ ਦੀ ਸਿਹਤ ਨੂੰ ਵੀ ਸੁਧਾਰ ਸਕਦਾ ਹੈ। ਅਧਿਐਨਾਂ ਨੇ ਦਿਖਾਇਆ ਹੈ ਕਿ ਹਾਸਾ ਚਿੰਤਾ ਅਤੇ ਉਦਾਸੀ ਨੂੰ ਘਟਾ ਸਕਦਾ ਹੈ, ਇਸ ਨੂੰ ਮਾਨਸਿਕ ਸਿਹਤ ਦੀ ਖੋਜ ਵਿੱਚ ਇੱਕ ਸ਼ਕਤੀਸ਼ਾਲੀ ਸਾਧਨ ਬਣਾਉਂਦਾ ਹੈ।

**ਇੱਕ ਸਮਾਜਿਕ ਸੰਪਰਕ ਵਜੋਂ ਹਾਸਾ**

ਖੁੱਲ੍ਹੇ ਦਿਲ ਨਾਲ ਹੱਸਣਾ ਨਾ ਸਿਰਫ਼ ਵਿਅਕਤੀ ਨੂੰ ਲਾਭ ਪਹੁੰਚਾਉਂਦਾ ਹੈ ਬਲਕਿ ਸਮਾਜਿਕ ਬੰਧਨਾਂ ਨੂੰ ਵੀ ਮਜ਼ਬੂਤ ਕਰਦਾ ਹੈ। ਹਾਸਾ ਇੱਕ ਵਿਸ਼ਵਵਿਆਪੀ ਭਾਸ਼ਾ ਹੈ ਜੋ ਸੱਭਿਆਚਾਰਕ ਅਤੇ ਭਾਸ਼ਾਈ ਰੁਕਾਵਟਾਂ ਨੂੰ ਪਾਰ ਕਰਦੀ ਹੈ। ਜਦੋਂ ਅਸੀਂ ਦੋਸਤਾਂ, ਪਰਿਵਾਰ, ਜਾਂ ਇੱਥੋਂ ਤੱਕ ਕਿ ਅਜਨਬੀਆਂ ਨਾਲ ਇੱਕ ਚੰਗਾ ਹਾਸਾ ਸਾਂਝਾ ਕਰਦੇ ਹਾਂ, ਤਾਂ ਅਸੀਂ ਇੱਕ ਤੁਰੰਤ ਸੰਪਰਕ ਬਣਾਉਂਦੇ ਹਾਂ। ਇਹ ਸਾਂਝੀ ਖੁਸ਼ੀ ਭਾਈਚਾਰੇ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਸਬੰਧਾਂ ਨੂੰ ਵਧਾ ਸਕਦੀ ਹੈ, ਜਿਸ ਨਾਲ ਲੋਕ ਵਧੇਰੇ ਜੁੜੇ ਹੋਏ ਅਤੇ ਸਮਝੇ ਹੋਏ ਮਹਿਸੂਸ ਕਰਦੇ ਹਨ।

ਹਾਸਾ ਅਜੀਬ ਪਲਾਂ ਨੂੰ ਦੋਸਤੀ ਦੇ ਮੌਕਿਆਂ ਵਿੱਚ ਬਦਲ ਦਿੰਦਾ ਹੈ। ਇੱਕ ਹਲਕੇ-ਫੁਲਕੇ ਮਾਹੌਲ ਨੂੰ ਉਤਸ਼ਾਹਿਤ ਕਰਕੇ, ਅਸੀਂ ਆਪਣੇ ਆਲੇ ਦੁਆਲੇ ਦੇ ਲੋਕਾਂ ਨਾਲ ਡੂੰਘੀਆਂ ਗੱਲਬਾਤਾਂ ਨੂੰ ਸੁਵਿਧਾਜਨਕ ਬਣਾਉਣ ਅਤੇ ਵਿਸ਼ਵਾਸ ਬਣਾਉਣ ਲਈ ਉਤਸ਼ਾਹਿਤ ਕਰਦੇ ਹਾਂ।

**ਹਾਸੇ ਦੀ ਆਦਤ ਪੈਦਾ ਕਰਨਾ**

ਸਾਡੀ ਜ਼ਿੰਦਗੀ ਵਿੱਚ ਹੋਰ ਹਾਸੇ ਨੂੰ ਸ਼ਾਮਲ ਕਰਨ ਲਈ ਵਿਆਪਕ ਯਤਨਾਂ ਦੀ ਲੋੜ ਨਹੀਂ ਹੈ। ਹਾਸੇ ਦੀ ਆਦਤ ਪੈਦਾ ਕਰਨ ਦੇ ਕੁਝ ਵਿਹਾਰਕ ਤਰੀਕੇ ਇਹ ਹਨ:

1. ਕਾਮੇਡੀ ਸਮੱਗਰੀ ਦੀ ਭਾਲ ਕਰੋ: ਭਾਵੇਂ ਇਹ ਸਟੈਂਡ-ਅੱਪ ਕਾਮੇਡੀ ਹੋਵੇ, ਮਜ਼ਾਕੀਆ ਫਿਲਮਾਂ ਹੋਣ, ਜਾਂ ਹਾਸੇ-ਮਜ਼ਾਕ ਵਾਲੀਆਂ ਕਿਤਾਬਾਂ ਹੋਣ, ਆਪਣੇ ਆਪ ਨੂੰ ਕਾਮੇਡੀ ਨਾਲ ਘੇਰਨਾ ਤੁਹਾਡੇ ਹੌਂਸਲੇ ਨੂੰ ਆਸਾਨੀ ਨਾਲ ਉੱਚਾ ਚੁੱਕ ਸਕਦਾ ਹੈ। ਨੈੱਟ ਫਲਿਕਸ, ਯੂ ਟਿਊਬ ਅਤੇ ਪੋਡਕਾਸਟ ਵਰਗੇ ਪਲੇਟਫਾਰਮ ਹਾਸੇ ਦਾ ਬੇਅੰਤ ਭੰਡਾਰ ਪੇਸ਼ ਕਰਦੇ ਹਨ।
2. ਚੁਟਕਲੇ ਸਾਂਝੇ ਕਰੋ: ਚੁਟਕਲੇ ਜਾਂ ਮਜ਼ਾਕੀਆ ਕਿੱਸੇ ਸਾਂਝੇ ਕਰਕੇ ਦੋਸਤਾਂ ਅਤੇ ਪਰਿਵਾਰ ਨਾਲ ਜੁੜੋ। ਇੱਕ ਅਜਿਹੀ ਜਗ੍ਹਾ ਬਣਾਓ ਜਿੱਥੇ ਹਾਸੇ ਦਾ ਸਵਾਗਤ ਹੋਵੇ, ਹਰ ਕਿਸੇ ਨੂੰ ਯੋਗਦਾਨ ਪਾਉਣ ਅਤੇ ਸ਼ਾਮਲ ਮਹਿਸੂਸ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ।
3. **ਹਾਸ ਯੋਗਾ ਵਿੱਚ ਹਿੱਸਾ ਲਓ:** ਕਸਰਤ ਦਾ ਇਹ ਨਵੀਨਤਾਕਾਰੀ ਰੂਪ ਹਾਸੇ ਅਤੇ ਯੋਗਾ ਨੂੰ ਜੋੜਦਾ ਹੈ। ਇਹ ਸਾਂਝੇ ਹਾਸੇ ਰਾਹੀਂ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਅਤੇ ਭਾਗੀਦਾਰਾਂ ਨਾਲ ਜੁੜਨ ਦਾ ਇੱਕ ਵਿਲੱਖਣ ਤਰੀਕਾ ਹੈ।
4. ਰੋਜ਼ਾਨਾ ਹਾਲਾਤਾਂ ਵਿੱਚ ਹਾਸੇ-ਮਜ਼ਾਕ ਲੱਭੋ: ਜ਼ਿੰਦਗੀ ਬੇਤੁਕੀਆਂ ਗੱਲਾਂ ਨਾਲ ਭਰੀ ਹੋਈ ਹੈ। ਚੁਣੌਤੀਆਂ ਅਤੇ ਦੁਰਘਟਨਾਵਾਂ ਦੇ ਹਲਕੇ ਪੱਖ ਨੂੰ ਦੇਖਣ ਲਈ ਆਪਣੇ ਆਪ ਨੂੰ ਸਿਖਲਾਈ ਦਿਓ। ਇੱਕ ਖੇਡ-ਖੇਡ ਵਾਲਾ ਦ੍ਰਿਸ਼ਟੀਕੋਣ ਵਿਕਸਤ ਕਰਨਾ ਤੁਹਾਡੇ ਦੁਨੀਆ ਨਾਲ ਜੁੜਨ ਦੇ ਤਰੀਕੇ ਨੂੰ ਬਦਲ ਸਕਦਾ ਹੈ।
5. ਆਪਣੇ ਆਪ ਨੂੰ ਸਕਾਰਾਤਮਕ ਲੋਕਾਂ ਨਾਲ ਘੇਰੋ: ਉਨ੍ਹਾਂ ਵਿਅਕਤੀਆਂ ਨਾਲ ਸਮਾਂ ਬਿਤਾਓ ਜਿਨ੍ਹਾਂ ਕੋਲ ਹਾਸੇ ਦੀ ਬਹੁਤ ਵਧੀਆ ਭਾਵਨਾ ਹੈ। ਹਾਸਾ ਛੂਤਕਾਰੀ ਹੈ, ਅਤੇ ਖੁਸ਼ਹਾਲ ਲੋਕਾਂ ਦੀ ਸੰਗਤ ਵਿੱਚ ਰਹਿਣਾ ਅਕਸਰ ਸਾਨੂੰ ਵਧੇਰੇ ਹਲਕੇ ਦਿਲ ਵਾਲੇ ਬਣਨ ਲਈ ਪ੍ਰੇਰਿਤ ਕਰਦਾ ਹੈ।

**ਹੱਸਣ ਤੋਂ ਝਿਜਕ ਨੂੰ ਦੂਰ ਕਰਨਾ**

ਬਹੁਤ ਸਾਰੇ ਲੋਕਾਂ ਨੂੰ ਸਮਾਜਿਕ ਨਿਯਮਾਂ ਜਾਂ ਨਿੱਜੀ ਰਾਖਵੇਂਕਰਨ ਕਾਰਨ ਖੁੱਲ੍ਹ ਕੇ ਹੱਸਣਾ ਮੁਸ਼ਕਲ ਲੱਗ ਸਕਦਾ ਹੈ। ਹਾਲਾਂਕਿ, ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਹਾਸਾ ਇੱਕ ਅਜਿਹਾ ਜਵਾਬ ਹੈ ਜਿਸਨੂੰ ਸਿੱਖਿਆ ਅਤੇ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਹਾਸੇ ਦੁਆਰਾ ਆਪਣੇ ਆਪ ਨੂੰ ਕਮਜ਼ੋਰ ਹੋਣ ਦੇਣਾ ਮੁਕਤੀਦਾਇਕ ਹੋ ਸਕਦਾ ਹੈ। ਆਪਣੇ ਆਰਾਮ ਖੇਤਰ ਤੋਂ ਬਾਹਰ ਕਦਮ ਰੱਖੋ ਅਤੇ ਉਸ ਖੁਸ਼ੀ ਨੂੰ ਗਲੇ ਲਗਾਓ ਜੋ ਹਾਸਾ ਲਿਆ ਸਕਦਾ ਹੈ। ਇਹ ਦੂਜਿਆਂ ਲਈ ਪ੍ਰਦਰਸ਼ਨ ਕਰਨ ਬਾਰੇ ਨਹੀਂ ਹੈ, ਸਗੋਂ ਖੁਸ਼ੀ ਦੇ ਸੱਚੇ ਪਲਾਂ ਨੂੰ ਸਾਂਝਾ ਕਰਨ ਬਾਰੇ ਹੈ।

**ਹਾਸੇ ਦਾ ਲਹਿਰਾਉਣ ਵਾਲਾ ਪ੍ਰਭਾਵ**

ਜਦੋਂ ਅਸੀਂ ਖੁੱਲ੍ਹ ਕੇ ਹੱਸਦੇ ਹਾਂ, ਤਾਂ ਅਸੀਂ ਇੱਕ ਲਹਿਰਾਉਣ ਵਾਲਾ ਪ੍ਰਭਾਵ ਪੈਦਾ ਕਰਦੇ ਹਾਂ। ਹਾਸਾ ਸਾਡੇ ਆਲੇ ਦੁਆਲੇ ਦੇ ਲੋਕਾਂ ਦੇ ਦਿਨ ਨੂੰ ਰੌਸ਼ਨ ਕਰ ਸਕਦਾ ਹੈ, ਕਈ ਵਾਰ ਨਿਰਾਸ਼ਾਜਨਕ ਸੰਸਾਰ ਵਿੱਚ ਸਕਾਰਾਤਮਕਤਾ ਅਤੇ ਖੁਸ਼ੀ ਫੈਲਾਉਂਦਾ ਹੈ। ਇਹ ਦੂਜਿਆਂ ਨੂੰ ਖੇਡਣ ਲਈ ਪ੍ਰੇਰਿਤ ਕਰਦਾ ਹੈ ਅਤੇ ਸਮੂਹਿਕ ਮੂਡ ਨੂੰ ਵਧਾਉਂਦਾ ਹੈ। ਕੰਮ ਵਾਲੀਆਂ ਥਾਵਾਂ 'ਤੇ, ਹਾਸੇ ਸਾਂਝੇ ਕਰਨ ਵਾਲੀਆਂ ਟੀਮਾਂ ਅਕਸਰ ਉੱਚ ਮਨੋਬਲ, ਵਧੀ ਹੋਈ ਉਤਪਾਦਕਤਾ ਅਤੇ ਮਜ਼ਬੂਤ ਸਹਿਯੋਗ ਦਾ ਆਨੰਦ ਮਾਣਦੀਆਂ ਹਨ। ਖੁੱਲ੍ਹੇਆਮ ਹੱਸਣਾ ਸਿਰਫ਼ ਚੰਗਾ ਸਮਾਂ ਬਿਤਾਉਣ ਬਾਰੇ ਨਹੀਂ ਹੈ; ਇਹ ਇੱਕ ਸੰਪੂਰਨ ਜੀਵਨ ਦਾ ਇੱਕ ਡੂੰਘਾ ਅਤੇ ਜ਼ਰੂਰੀ ਪਹਿਲੂ ਹੈ। ਹਾਸੇ ਨੂੰ ਅਪਣਾ ਕੇ, ਅਸੀਂ ਆਪਣੀ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਨੂੰ ਵਧਾ ਸਕਦੇ ਹਾਂ, ਆਪਣੇ ਸਮਾਜਿਕ ਸਬੰਧਾਂ ਨੂੰ ਮਜ਼ਬੂਤ ਕਰ ਸਕਦੇ ਹਾਂ, ਅਤੇ ਸਾਡੇ ਰਹਿਣ ਵਾਲੇ ਭਾਈਚਾਰਿਆਂ ਵਿੱਚ ਸਕਾਰਾਤਮਕ ਯੋਗਦਾਨ ਪਾ ਸਕਦੇ ਹਾਂ। ਇਸ ਲਈ, ਆਓ ਹਾਸੇ ਦਾ ਜਸ਼ਨ ਮਨਾਈਏ, ਖੁਸ਼ੀ ਲਈ ਜਗ੍ਹਾ ਬਣਾਈਏ, ਅਤੇ ਇੱਕ ਖੁਸ਼ਹਾਲ ਸੰਸਾਰ ਬਣਾਉਣ ਵਿੱਚ ਮਦਦ ਕਰੀਏ - ਇੱਕ ਸਮੇਂ 'ਤੇ ਇੱਕ ਮੁਸਕਰਾਹਟ। ਆਖ਼ਰਕਾਰ, ਹਾਸੇ ਤੋਂ ਬਿਨਾਂ ਇੱਕ ਦਿਨ ਬਰਬਾਦ ਹੋਣ ਵਾਲਾ ਦਿਨ ਹੈ। ਇਸ ਲਈ ਅੱਗੇ ਵਧੋ, ਖੁੱਲ੍ਹ ਕੇ ਹੱਸੋ ਅਤੇ ਖੁਸ਼ੀ ਨੂੰ ਭਰ ਦਿਓ!



**ਜਸਵਿੰਦਰ ਪਾਲ ਸ਼ਰਮਾ**
**ਸਸ ਮਾਸਟਰ**
**ਸਸਸਸ ਹਾਕੂਵਾਲਾ**
**ਸ੍ਰੀ ਮੁਕਤਸਰ ਸਾਹਿਬ**
**79860-27454**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com